SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 23* Issue 75** | **Tuesday, April 23, 2024** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online*** ਰੋਜ਼ਾਨਾ ਪੜ੍ਹ ਸਕਦੇ ਹੋ

## ਬਹੁਮੰਜ਼ਿਲਾ ਇਮਾਰਤ ਵਿੱਚ ਲੱਗੀ ਅੱਗ, 2 ਜ਼ਖ਼ਮੀ

ਟੋਰਾਂਟੋ, 22 ਅਪਰੈਲ (ਪੋਸਟ ਬਿਊਰੋ) : ਸੋਮਵਾਰ ਸਵੇਰੇ ਸਿਟੀ ਦੇ ਡਾਊਨਟਾਊਨ ਵਿੱਚ ਇੱਕ ਬਹੁਮੰਜ਼ਿਲਾ ਇਮਾਰਤ ਵਿੱਚ ਲੱਗੀ ਜ਼ਬਰਦਸਤ ਅੱਗ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਸ ਗੱਲ ਦੀ ਪੁਸ਼ਟੀ ਫਾਇਰਫਾਈਟਰਜ਼ ਤੇ ਪੈਰਾਮੈਡਿਕਸ ਨੇ ਕੀਤੀ।

ਇਹ ਅੱਗ ਤੜਕੇ 4:30 ਵਜੇ ਦੇ ਨੇੜੇ ਤੇੜੇ ਜਾਰਵਿਸ ਸਟਰੀਟ ਨੇੜੇ ਦ ਐਸਪਲੇਨੇਡ ਉੱਤੇ ਸਥਿਤ ਰਿਹਾਇਸ਼ੀ ਬਿਲਡਿੰਗ ਵਿੱਚ ਲੱਗੀ। ਟੋਰਾਂਟੋ ਫਾਇਰ ਨੇ ਦੱਸਿਆ ਕਿ ਅੱਗ



ਦੀਆਂ ਲਪਟਾਂ ਸਿਰਫ ਇੱਕ ਫਲੈਟ ਤੱਕ ਹੀ ਸੀਮਿਤ ਸਨ ਤੇ ਅੱਗ ਉੱਤੇ ਜਲਦ ਹੀ ਕਾਬੂ ਪਾ ਲਿਆ ਗਿਆ। ਪੈਰਾਮੈਡਿਕਸ ਅਨੁਸਾਰ ਇੱਕ ਵਿਅਕਤੀ ਨੂੰ ਧੂੰਆਂ ਚੜ੍ਹ ਜਾਣ ਕਾਰਨ ਕਾਫੀ ਦਿੱਕਤ ਹੋਈ ਤੇ ਉਹ ਜ਼ੇਰੇ ਇਲਾਜ ਹੈ।

ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਹੋਰ ਵਿਅਕਤੀ ਅੱਗ ਵਿੱਚ ਝੁਲਸਣ ਕਾਰਨ ਜ਼ਖ਼ਮੀ ਹੋਇਆ ਪਰ ਉਸ ਵਿਅਕਤੀ ਦੀ ਹਾਲਤ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ। ਟੋਰਾਂਟੋ ਫਾਇਰ ਨੇ ਆਖਿਆ ਕਿ ਅਜੇ ਵੀ ਅਮਲਾ ਮੌਕੇ ਉੱਤੇ ਮੌਜੂਦ ਹੈ ਤੇ ਹੋਰਨਾਂ ਫਲੈਟਸ ਦਾ ਮੁਆਇਨਾ ਕਰਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿਸੇ ਤਰ੍ਹਾਂ ਦਾ ਕੋਈ ਹੋਰ ਨੁਕਸਾਨ ਤਾਂ ਨਹੀਂ ਹੋਇਆ।

## ਸਕੂਲ ਬੱਸ ਤੇ ਟਰੱਕ ਦੀ ਟੱਕਰ ਵਿੱਚ 3 ਬੱਚੇ ਜ਼ਖ਼ਮੀ

ਓਨਟਾਰੀਓ, 22 ਅਪਰੈਲ (ਪੋਸਟ ਬਿਊਰੋ) : ਰਸਲ, ਓਨਟਾਰੀਓ ਵਿੱਚ ਹਾਈਵੇਅ ਉੱਤੇ ਸਕੂਲ ਬੱਸ ਤੇ ਟਰੱਕ ਦਰਮਿਆਨ ਹੋਈ ਟੱਕਰ ਕਾਰਨ ਤਿੰਨ ਬੱਚੇ ਤੇ ਡਰਾਈਵਰ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।


ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਓਟਵਾ ਤੋਂ 40 ਕਿੱਲੋਮੀਟਰ ਦੱਖਣ ਵੱਲ ਦੁਪਹਿਰੇ 4:15 ਵਜੇ ਦੇ ਨੇੜੇ ਤੇੜੇ ਰੂਟ 400 ਉੱਤੇ ਵਾਪਰਿਆ। ਮੁੱਢਲੀ ਜਾਂਚ



ਅਨੁਸਾਰ ਇੱਕ ਸਕੂਲ ਬੱਸ ਹਾਈਵੇਅ ਉੱਤੇ ਚੜ੍ਹਨ ਦੀ ਕੋਸ਼ਿਸ਼ ਕਰ ਰਹੀ ਸੀ ਜਦੋਂ ਉਹ ਪੂਰਬ ਵੱਲੋਂ ਆਉਂਦੇ ਟਰੱਕ ਨਾਲ ਜਾ ਟਕਰਾਈ। ਪੁਲਿਸ ਨੇ ਦੱਸਿਆ ਕਿ ਡਰਾਈਵਰ ਤੋਂ ਇਲਾਵਾ ਸਕੂਲ ਬੱਸ ਵਿੱਚ ਤਿੰਨ ਬੱਚੇ ਸਵਾਰ ਸਨ। ਸਾਰਿਆਂ ਨੂੰ ਸੀਐਚਈਓ (ਹਸਪਤਾਲ) ਲਿਜਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਟਰੱਕ ਵਿੱਚ ਸਵਾਰ ਇੱਕਲੇ ਡਰਾਈਵਰ ਨੂੰ ਕੋਈ ਸੱਟ ਫੇਟ ਨਹੀਂ ਲੱਗੀ।

ਰੂਟ 400 ਦਾ ਇਹ ਸੈਕਸ਼ਨ, ਜਿੱਥੇ ਹਾਦਸਾ ਹੋਇਆ, ਨੂੰ ਬੰਦ ਕਰ ਦਿੱਤਾ ਗਿਆ ਹੈ। ਪੁਲਿਸ ਵੱਲੋਂ ਲੋਕਾਂ ਨੂੰ ਇਸ ਇਲਾਕੇ ਦੀ ਥਾਂ ਬਦਲਵਾਂ ਰੂਟ ਲੈਣ ਦੀ ਸਲਾਹ ਦਿੱਤੀ ਜਾ ਰਹੀ ਹੈ।

### ਐਵਰੈਸਟ ਅਤੇ ਐੱਮਡੀਐੱਚ ਦੇ 4 ਮਸਾਲਿਆਂ 'ਤੇ ਹਾਂਗਕਾਂਗ 'ਚ ਪਾਬੰਦੀ




ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ): ਹਾਂਗਕਾਂਗ ਨੇ ਐੱਮਡੀਐੱਚ ਪ੍ਰਾਈਵੇਟ ਲਿਮਟਿਡ ਅਤੇ ਐਵਰੈਸਟ ਫੂਡ ਪ੍ਰੋਡਕਟਸ ਲਿਮਟਿਡ ਦੇ ਕੜ੍ਹੀ ਮਸਾਲਿਆਂ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ। ਦੋਨਾਂ ਕੰਪਨੀਆਂ ਦੇ ਉਤਪਾਦਾਂ ਵਿੱਚ ਕਾਰਸੀਨੋਜਨਿਕ ਕੀਟਨਾਸ਼ਕ ਐਥੀਲੀਨ ਆਕਸਾਈਡ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਇਨ੍ਹਾਂ ਉਤਪਾਦਾਂ ਵਿੱਚ ਇਸ ਕੀਟਨਾਸ਼ਕ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਕੈਂਸਰ ਹੋਣ ਦਾ ਖਤਰਾ ਹੈ। ਹਾਂਗਕਾਂਗ ਤੋਂ ਪਹਿਲਾਂ ਸਿੰਗਾਪੁਰ ਦੇ ਅਧਿਕਾਰੀਆਂ ਨੇ ਵੀ ਇਸੇ ਕਾਰਨ ਐਵਰੈਸਟ ਦੇ ਫਿਸ਼ ਕੜ੍ਹੀ ਸਪਾਈਸ ਨੂੰ ਬਾਜ਼ਾਰ ਤੋਂ ਵਾਪਿਸ ਮੰਗਵਾਉਣ ਦਾ ਆਦੇਸ਼ ਜਾਰੀ ਕੀਤਾ ਸੀ।

ਹਾਂਗਕਾਂਗ ਦੇ ਫੂਡ ਸੇਫਟੀ ਡਿਪਾਰਟਮੈਂਟ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਐੱਮਡੀਐੱਚ ਗਰੁੱਪ ਦੇ ਤਿੰਨ ਮਸਾਲਿਆਂ ਦੇ ਮਿਸ਼ਰਣ - ਮਦਰਾਸ ਕੜ੍ਹੀ ਪਾਊਡਰ, ਸਾਂਭਰ ਮਸਾਲਾ ਪਾਊਡਰ ਅਤੇ ਕੜ੍ਹੀ ਪਾਊਡਰ ਵਿੱਚ ਕਾਰਸੀਨੋਜਨਿਕ ਕੀਟਨਾਸ਼ਕ ਐਥੀਲੀਨ ਆਕਸਾਈਡ ਦੀ ਉੱਚ ਮਾਤਰਾ ਪਾਈ ਗਈ ਸੀ। ਰੂਟੀਨ ਸਰਵੇਲੈਂਸ ਪ੍ਰੋਗਰਾਮ ਤਹਿਤ ਐਵਰੈਸਟ ਦੇ ਫਿਸ਼ ਕੜ੍ਹੀ ਮਸਾਲਾ ਵਿੱਚ ਵੀ ਇਹ ਕੀਟਨਾਸ਼ਕ ਪਾਇਆ ਗਿਆ ਹੈ।

## ਚੱਲਦੀ ਟਰੇਨ ਦੀ ਛੱਤ ਤੋਂ ਡਿੱਗ ਕੇ 15 ਸਾਲਾ ਲੜਕਾ ਹੋਇਆ ਗੰਭੀਰ ਜ਼ਖ਼ਮੀ

ਟੋਰਾਂਟੋ, 22 ਅਪਰੈਲ (ਪੋਸਟ ਬਿਊਰੋ) : ਐਤਵਾਰ ਸਵੇਰੇ ਚੱਲਦੀ ਹੋਈ ਗੋ ਟਰੇਨ ਦੀ ਛੱਤ ਤੋਂ ਡਿੱਗ ਜਾਣ ਕਾਰਨ ਇੱਕ 15 ਸਾਲਾ ਲੜਕਾ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਪੁਲਿਸ ਨੇ ਦੱਸਿਆ ਕਿ ਚਾਰ ਟੀਨੇਜਰਜ਼, ਜਿਨ੍ਹਾਂ ਦੀ ਉਮਰ 14 ਤੇ 16 ਸਾਲਾਂ ਦਰਮਿਆਨ ਸੀ, ਨੇ ਅੱਧੀ ਰਾਤ ਤੋਂ ਪਹਿਲਾਂ ਯੂਨੀਅਨ ਸਟੇਸ਼ਨ ਤੋਂ ਪੂਰਬ ਵੱਲ ਜਾਣ ਵਾਲੀ ਟਰੇਨ ਲਈ। ਜਦੋਂ ਟਰੇਨ ਚੱਲ ਰਹੀ ਸੀ ਤਾਂ ਤਿੰਨ ਟੀਨੇਜਰ ਟਰੇਨ ਦੀ ਛੱਤ ਉੱਤੇ ਚੜ੍ਹ ਗਏ। ਇੱਕ ਥਾਂ ਉੱਤੇ ਡੈਨਫੋਰਥ ਗੋ ਸਟੇਸ਼ਨ ਨੇੜੇ ਇੱਕ 15 ਸਾਲਾ ਲੜਕਾ ਕਿਸੇ ਚੀਜ਼ ਨਾਲ ਟਕਰਾਅ ਜਾਣ ਕਾਰਨ ਟਰੇਨ ਦੀ ਛੱਤ ਤੋਂ ਹੇਠਾਂ ਡਿੱਗ ਗਿਆ।



ਪੁਲਿਸ ਦੇ ਸਰੋਤ ਨੇ ਦੱਸਿਆ ਕਿ ਬਾਕੀ ਦੇ ਟੀਨੇਜਰ ਸਿਗਨਲ ਦੀ ਲਾਈਟਾਂ ਤੋਂ ਬਚਦੇ ਬਚਾਉਂਦੇ ਹੇਠਾਂ ਟਰੇਨ ਉੱਤੇ ਪਰਤੇ ਤੇ ਉਨ੍ਹਾਂ 911 ਉੱਤੇ ਕਾਲ ਕੀਤਾ।

ਪੈਰਾਮੈਡਿਕਸ ਵੱਲੋਂ 15 ਸਾਲਾ ਲੜਕੇ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਉੱਥੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪੁਲਿਸ ਨੇ ਇਹ ਨਹੀਂ ਦੱਸਿਆ ਕਿ ਕਿਸੇ ਉੱਤੇ ਚਾਰਜਿਜ਼ ਲਾਏ ਜਾਣਗੇ ਜਾਂ ਨਹੀਂ ਪਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

### ਗੱਡੀ ਦੀ ਟੱਕਰ ਨਾਲ ਲੜਕੀ ਜ਼ਖ਼ਮੀ

ਟੋਰਾਂਟੋ, 22 ਅਪਰੈਲ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 11 ਸਾਲਾ ਲੜਕੀ ਜ਼ਖ਼ਮੀ ਹੋ ਗਈ। ਟੋਰਾਂਟੋ ਪੈਰਾਮੈਡਿਕਸ ਵੱਲੋਂ ਉਸ ਬੱਚੀ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਦੁਪਹਿਰੇ 3 :00 ਵਜੇ ਤੋਂ ਬਾਅਦ ਇਸਲਿੰਗਟਨ ਐਵਨਿਊ ਤੋਂ ਪੂਰਬ ਵੱਲ ਫਿੰਚ ਐਵਨਿਊ ਵੈਸਟ ਤੇ ਪਰਲਡੇਲ ਐਵਨਿਊ ਉੱਤੇ ਪੁਲਿਸ ਨੂੰ ਸੱਦਿਆ ਗਿਆ। ਪੈਰਾਮੈਡਿਕਸ ਅਨੁਸਾਰ ਲੜਕੀ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਪਰ ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਹਨ। ਉਸ ਨੂੰ ਸਿੱਕਕਿੱਡਜ਼ ਹਸਪਤਾਲ ਲਿਜਾਇਆ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜਿਸ ਸਮੇਂ ਬੱਚੀ ਸੜਕ ਪਾਰ ਕਰ ਰਹੀ ਸੀ ਉਸ ਸਮੇਂ ਇੱਕ ਗੱਡੀ ਉਸ ਨਾਲ ਆ ਟਕਰਾਈ। ਹਾਦਸੇ ਵਿੱਚ ਸ਼ਾਮਲ ਗੱਡੀ ਦਾ ਡਰਾਈਵਰ ਵੀ ਮੌਕੇ ਉੱਤੇ ਮੌਜੂਦ ਰਿਹਾ।

## ਸਬਵੇਅ ਉੱਤੇ ਚਾਕੂ ਮਾਰ ਕੇ ਇੱਕ ਵਿਅਕਤੀ ਨੂੰ ਜ਼ਖ਼ਮੀ ਕਰਨ ਵਾਲਾ ਮਸ਼ਕੂਕ ਕਾਬੂ

ਟੋਰਾਂਟੋ, 22 ਅਪਰੈਲ (ਪੋਸਟ ਬਿਊਰੋ) : ਸੋਮਵਾਰ ਨੂੰ ਵੈਲਸਲੇ ਸਟੇਸ਼ਨ ਉੱਤੇ ਸਬਵੇਅ ਟਰੇਨ ਵਿੱਚ ਸਵਾਰ ਇੱਕ ਵਿਅਕਤੀ, ਜੋ ਕਿ ਆਪਣੇ 20ਵਿਆਂ ਵਿੱਚ ਸੀ, ਨੂੰ ਚਾਕੂ ਮਾਰ ਦਿੱਤਾ ਗਿਆ।

ਪੁਲਿਸ ਅਧਿਕਾਰੀਆਂ ਨੂੰ ਇਸ ਘਟਨਾ ਦੀ ਜਾਣਕਾਰੀ ਦੇ ਕੇ ਦੁਪਹਿਰੇ 4:45 ਉੱਤੇ ਸਟੇਸ਼ਨ ਸੱਦਿਆ ਗਿਆ। ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ। ਇੱਕ ਮਸ਼ਕੂਕ ਨੂੰ ਸਟੇਸ਼ਨ ਉੱਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਹਮਲਾ ਸੋਚ ਸਮਝ ਕੇ ਕੀਤਾ ਗਿਆ ਸੀ ਜਾਂ ਅਚਾਨਕ ਕੀਤਾ ਗਿਆ ਸੀ।



ਇਸ ਘਟਨਾ ਤੋਂ ਬਾਅਦ ਗੱਡੀਆਂ ਵੈਲਸਲੇ ਸਟੇਸ਼ਨ ਨੂੰ ਬਾਈਪਾਸ ਕਰਕੇ ਜਾ ਰਹੀਆਂ ਸਨ ਪਰ ਹੁਣ ਰੈਗੂਲਰ ਸਰਵਿਸ ਸ਼ੁਰੂ ਹੋ ਗਈ ਹੈ। ਟੋਰਾਂਟੋ ਵਿੱਚ ਇੱਕ ਘੰਟੇ ਦੇ ਅੰਦਰ ਅੰਦਰ ਵਾਪਰੀ ਛੁਰੇਬਾਜ਼ੀ ਦੀ ਇਹ ਦੂਜੀ ਘਟਨਾ ਸੀ। ਦੁਪਹਿਰੇ 4:00 ਵਜੇ ਤੋਂ ਪਹਿਲਾਂ ਇਟੋਬੀਕੋ ਦੇ ਇਸਲਿੰਗਟਨ ਐਵਨਿਊ ਤੇ ਬਲੂਅਰ ਸਟਰੀਟ ਵੈਸਟ ਏਰੀਆ ਵਿੱਚ ਇੱਕ 18 ਸਾਲਾ ਵਿਅਕਤੀ ਨੂੰ ਚਾਕੂ ਮਾਰਿਆ ਗਿਆ ਸੀ। ਇਸ ਘਟਨਾ ਵਿੱਚ ਉਹ ਗੰਭੀਰ ਜ਼ਖ਼ਮੀ ਹੋ ਗਿਆ।

## ਮਾਲਦੀਵ 'ਚ ਭਾਰਤ ਵਿਰੋਧੀ ਮਿਊਜ਼ੂ ਨੇ ਜਿੱਤੀ ਸੰਸਦੀ ਚੋਣ, 93 'ਚੋਂ 71 ਸੀਟਾਂ ਮਿਲੀਆਂ

ਮਾਲੇ, 22 ਅਪ੍ਰੈਲ (ਪੋਸਟ ਬਿਊਰੋ): ਮਾਲਦੀਵ ਵਿੱਚ ਇੰਡੀਆ ਆਊਟ ਮੁਹਿੰਮ ਚਲਾਉਣ ਵਾਲੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਦੀ ਪਾਰਟੀ ਨੇ ਸੰਸਦੀ ਚੋਣ ਜਿੱਤ ਲਈ ਹੈ। 93 ਸੀਟਾਂ 'ਤੇ ਕੱਲ੍ਹ (21 ਅਪ੍ਰੈਲ) ਨੂੰ ਹੋਈਆਂ ਚੋਣਾਂ ਦੇ ਮੁੱਢਲੇ ਨਤੀਜੇ ਆ ਗਏ ਹਨ। ਇਨ੍ਹਾਂ ਵਿੱਚੋਂ ਮੁਈਜ਼ੂ ਦੀ ਪਾਰਟੀ ਨੈਸ਼ਨਲ ਪੀਪਲਜ਼ ਕਾਂਗਰਸ ਅਤੇ ਉਸ ਦੀ ਹਮਾਇਤੀ ਪਾਰਟੀਆਂ ਨੂੰ 71 ਸੀਟਾਂ ਮਿਲੀਆਂ ਹਨ। ਚੀਨ ਨੇ ਇਸ 'ਤੇ ਮੁਈਜ਼ੂ ਨੂੰ ਵਧਾਈ ਦਿੱਤੀ ਹੈ।



ਜਦੋਂਕਿ ਭਾਰਤ ਪੱਖੀ ਐਮਡੀਪੀ ਨੂੰ ਸਿਰਫ਼ 12 ਸੀਟਾਂ ਮਿਲੀਆਂ ਹਨ। ਸੰਸਦ ਵਿੱਚ ਬਹੁਮਤ ਲਈ 47 ਤੋਂ ਵੱਧ ਸੀਟਾਂ ਦੀ ਲੋੜ ਸੀ। ਨਤੀਜਿਆਂ ਦੇ ਅਧਿਕਾਰਤ ਐਲਾਨ ਵਿੱਚ ਇੱਕ ਹਫ਼ਤਾ ਲੱਗ ਜਾਵੇਗਾ। ਇਸ ਦੇ ਨਾਲ ਹੀ ਮਾਲਦੀਵ ਦੀ ਸੰਸਦ ਦਾ ਕਾਰਜਕਾਲ ਮਈ ਵਿੱਚ ਸ਼ੁਰੂ ਹੋਵੇਗਾ। ਜਾਣਕਾਰੀ ਅਨੁਸਾਰ ਮੁਈਜ਼ੂ ਦੀ ਜਿੱਤ ਭਾਰਤ ਲਈ ਵੱਡਾ ਝਟਕਾ ਹੈ।

ਭਾਰਤ ਅਤੇ ਚੀਨ ਇਸ ਚੋਣ 'ਤੇ ਤਿੱਖੀ ਨਜ਼ਰ ਰੱਖ ਰਹੇ ਸਨ। ਦੋਵੇਂ ਰਣਨੀਤਕ ਤੌਰ 'ਤੇ ਮਹੱਤਵਪੂਰਨ ਮਾਲਦੀਵ 'ਚ ਆਪਣੀ ਪਕੜ ਮਜ਼ਬੂਤ ਕਰਨਾ ਚਾਹੁੰਦੇ ਹਨ। ਮੁਈਜ਼ੂ ਦੀ ਪਾਰਟੀ ਦੀ ਜਿੱਤ ਤੋਂ ਬਾਅਦ ਅਗਲੇ 5 ਸਾਲਾਂ ਤੱਕ ਮਾਲਦੀਵ ਵਿੱਚ ਚੀਨ ਪੱਖੀ ਸਰਕਾਰ ਬਣੇਗੀ।

### ਯੂਰਪੀਅਨ ਯੂਨੀਅਨ ਨੇ ਭਾਰਤੀਆਂ ਲਈ ਬਦਲੇ ਵੀਜ਼ਾ ਨਿਯਮ, 5 ਸਾਲ ਦੀ ਵੈਧਤਾ ਵਾਲਾ ਮਲਟੀਪਲ ਐਂਟਰੀ ਸ਼ੈਂਗੇਨ ਵੀਜ਼ਾ ਮਿਲੇਗਾ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ): ਯੂਰਪੀਅਨ ਯੂਨੀਅਨ ਨੇ 5 ਸਾਲ ਦੀ ਵੈਧਤਾ ਵਾਲੇ ਭਾਰਤੀਆਂ ਲਈ ਮਲਟੀਪਲ ਐਂਟਰੀ ਸ਼ੈਂਗੇਨ ਵੀਜ਼ਾ ਲਈ ਨਿਯਮ ਲਾਗੂ ਕੀਤੇ ਹਨ। ਇਸ ਸ਼ੈਂਗੇਨ ਵੀਜ਼ਾ ਨਾਲ ਤੁਸੀਂ 29 ਯੂਰਪੀ ਦੇਸ਼ਾਂ ਦਾ ਦੌਰਾ ਕਰ ਸਕੋਗੇ।

ਸ਼ੈਂਗੇਨ ਵੀਜ਼ਾ 90 ਦਿਨਾਂ ਤੱਕ ਜਾਰੀ ਕੀਤਾ ਜਾਣ ਵਾਲਾ 'ਸ਼ਰਟ ਸਟੇਅ' ਵੀਜ਼ਾ ਹੈ। ਇਹ ਵੀਜ਼ਾ ਕਿਸੇ ਵੀ ਯੂਰਪੀਅਨ ਦੇਸ਼ਾਂ ਵਿੱਚ ਮੁਫਤ ਯਾਤਰਾ ਕਰਨ ਦੀ ਆਗਿਆ ਦਿੰਦਾ ਹੈ।

ਪਹਿਲਾਂ ਵੀਜ਼ਾ 3 ਸਾਲ ਵਿੱਚ ਦੋ ਵਾਰ ਲੈਣਾ ਪੈਂਦਾ ਸੀ। ਪਰ ਹੁਣ 18




ਅਪ੍ਰੈਲ ਤੋਂ ਲਾਗੂ ਨਿਯਮਾਂ ਅਨੁਸਾਰ ਭਾਰਤੀਆਂ ਨੂੰ ਮਲਟੀਪਲ ਐਂਟਰੀ ਸ਼ੈਂਗੇਨ ਵੀਜ਼ਾ ਮਿਲੇਗਾ। ਇਸ ਨਾਲ ਵੀਜ਼ਾ ਦਾ ਖਰਚਾ ਵੀ ਬਚੇਗਾ। ਵਰਤਮਾਨ ਵਿੱਚ ਥੋੜ੍ਹੇ ਸਮੇਂ ਲਈ ਵੀਜ਼ੇ ਦੀ ਕੀਮਤ ਲਗਭਗ 7 ਹਜ਼ਾਰ ਰੁਪਏ ਹੈ। ਜਦੋਂ ਕਿ ਅਮਰੀਕਾ ਵਿੱਚ ਇਹ 10 ਸਾਲ ਹੈ।

ਇਹ ਇੱਕ ਸਟਿੱਕਰ ਦੇ ਰੂਪ ਵਿੱਚ ਹੁੰਦਾ ਹੈ, ਜੋ ਤੁਹਾਡੇ ਪਾਸਪੋਰਟ ਜਾਂ ਯਾਤਰਾ ਦਸਤਾਵੇਜ਼ 'ਤੇ ਚਿਪਕ-ਾਇਆ ਜਾਂਦਾ ਹੈ। ਇਹ ਸਟਿੱਕਰ ਖੁਦ ਸ਼ੈਂਗੇਨ ਰਾਜਾਂ ਵਿੱਚ ਯਾਤਰਾ ਕਰਨ ਦੀ ਤੁਹਾਡੀ ਇਜਾਜ਼ਤ ਦਾ ਪ੍ਰਤੀਕ ਹੈ। ਤੁਹਾਨੂੰ ਸਿਰਫ ਤਾਂ ਹੀ ਦਾਖਲਾ ਦਿੱਤਾ ਜਾਂਦਾ ਹੈ ਜੇਕਰ ਤੁਸੀਂ ਸ਼ੈਂਗੇਨ ਕਨਵੈਨਸ਼ਨ ਦੁਆਰਾ ਨਿਰਧਾਰਤ ਹੋਰ ਸ਼ਰਤਾਂ ਨੂੰ ਪੂਰਾ ਕਰਦੇ ਹੋ (ਜਿਵੇਂ ਕਿ ਯਾਤਰਾ ਦਾ ਉਦੇਸ਼, ਯਾਤਰਾ ਦੀਆਂ ਸ਼ਰਤਾਂ ਅਤੇ ਤੁਹਾਡੇ ਕੋਲ ਲੋੜੀਂਦੇ ਫੰਡ ਹੋਣੇ ਚਾਹੀਦੇ ਹਨ)।

### ਅਦਾਲਤ ਨੇ ਏਮਜ਼ ਨੂੰ ਅਰਵਿੰਦ ਕੇਜਰੀਵਾਲ ਦੀ ਜਾਂਚ ਲਈ ਇੱਕ ਮੈਡੀਕਲ ਬੋਰਡ ਬਣਾਉਣ ਦਾ ਦਿੱਤਾ ਨਿਰਦੇਸ਼

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ): ਦਿੱਲੀ ਸ਼ਰਾਬ ਨੀਤੀ ਮਾਮਲੇ ਵਿੱਚ 1 ਅਪ੍ਰੈਲ ਤੋਂ ਤਿਹਾੜ ਜੇਲ੍ਹ ਵਿੱਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਡਾਕਟਰ ਨਾਲ ਸਲਾਹ ਨਹੀਂ ਕਰ ਸਕਣਗੇ। ਦਿੱਲੀ ਦੀ ਰਾਊਸ ਐਵੇਨਿਊ ਅਦਾਲਤ ਨੇ ਸੋਮਵਾਰ ਨੂੰ ਅਰਵਿੰਦ ਕੇਜਰੀਵਾਲ ਦੀ



ਪਟੀਸ਼ਨ ਖਾਰਜ ਕਰ ਦਿੱਤੀ ਹੈ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਕੇਜਰੀਵਾਲ ਦੀ ਮੰਗ ਨੂੰ ਰੱਦ ਕਰ ਦਿੱਤਾ। ਅਦਾਲਤ ਨੇ ਏਮਜ਼ ਨੂੰ ਅਰਵਿੰਦ ਕੇਜਰੀਵਾਲ ਦੀ ਜਾਂਚ ਕਰਨ ਲਈ ਇੱਕ ਮੈਡੀਕਲ ਬੋਰਡ ਬਣਾਉਣ ਦਾ ਨਿਰਦੇਸ਼ ਦਿੱਤਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਉਨ੍ਹਾਂ ਨੂੰ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਇਨਸੁਲਿਨ ਦੀ ਲੋੜ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਹੋਰ ਮੈਡੀਕਲ ਜ਼ਰੂਰਤਾਂ ਦਾ ਵੀ ਪਤਾ ਲਗਾਉਣ ਲਈ ਕਿਹਾ ਹੈ।

ਅਰਵਿੰਦ ਕੇਜਰੀਵਾਲ ਨੇ ਅਦਾਲਤ ਤੋਂ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਸ਼ੂਗਰ ਹੈ, ਜੇਲ੍ਹ ਵਿੱਚ ਉਨ੍ਹਾਂ ਨੂੰ ਇਨਸੁਲਿਨ ਨਹੀਂ ਦਿੱਤੀ ਜਾ ਰਹੀ ਹੈ। ਉਹ ਵੀਡੀਓ ਕਾਨਫਰੰਸਿੰਗ ਰਾਹੀਂ ਹਰ ਰੋਜ਼ 15 ਮਿੰਟ ਲਈ ਆਪਣੇ ਡਾਕਟਰ ਨਾਲ ਸਲਾਹ ਕਰਨਾ ਚਾਹੁੰਦੇ ਹਨ।

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ

ਨਕਸ਼ਾ ਹੁੰਦਾ ਪੰਜਾਬ ਵਿੱਚ ਸਾਫ ਲਗਦਾ,
ਕਿਹੜੀ ਸੀਟ ਉੱਤੇ ਕਿਹੜਾ ਲੜੂ ਮੀਆਂ।
ਕਿਹੜਾ ਪਾਰਟੀ ਵਿੱਚ ਹੀ ਰਹੂ ਟਿਕਿਆ,
ਕਿਹੜਾ ਵਿਹੜੇ ਬਿਗਾਨੇ ਜਾ ਵੜੂ ਮੀਆਂ।
ਉਮੀਦਵਾਰਾਂ ਦੀ ਸੂਚੀ ਸਭ ਆਈ ਜਾਂਦੀ,
ਸਾਫ ਹੁੰਦਾ ਕਿਸ ਨਾਲ ਕੌਣ ਅੜੂ ਮੀਆਂ।
ਕਿਸ ਨੂੰ ਮਿਲੀ ਹੈ ਟਿਕਟ ਤਾਂ ਖੁਸ਼ ਹੋਊ,
ਕਿਹੜਾ ਵੇਖ ਉਸ ਨੂੰ ਪਿਆ ਸੜੂ ਮੀਆਂ।
ਖੇਡ ਹਾਲੇ ਤੱਕ ਧਿਰਾਂ ਜਾਂ ਆਗੂਆਂ ਵਿੱਚ,
ਚਰਚਾ ਸੱਥਾਂ ਦੇ ਅੰਦਰ ਨਾ ਛਿੜੀ ਮੀਆਂ।
ਗੱਡੀ ਭਾਰਤ ਦੀ ਟਿਕੀ ਆ ਜੈੱਕ ਉੱਪਰ,
ਐਵੇਂ ਟਾਇਰ ਇਹਦੇ ਜਾਣ ਗਿੜੀ ਮੀਆਂ।

**ਤੀਸ ਮਾਰ ਖਾਂ**

## ਇਜ਼ਰਾਇਲੀ ਹਮਲੇ 'ਚ ਮੌਤ ਤੋਂ ਬਾਅਦ ਔਰਤ ਦੀ ਹੋਈ ਡਿਲੀਵਰੀ, ਡਾਕਟਰਾਂ ਨੇ ਕੁੱਖ 'ਚੋਂ ਕੱਢੀ ਜ਼ਿੰਦਾ ਬੱਚੀ



ਗਾਜ਼ਾ, 22 ਅਪ੍ਰੈਲ (ਪੋਸਟ ਬਿਊਰੋ): ਗਾਜ਼ਾ ਦੇ ਰਫਾਹ ਸ਼ਹਿਰ ਵਿੱਚ ਐਤਵਾਰ ਨੂੰ ਇਜ਼ਰਾਇਲੀ ਹਮਲੇ ਵਿੱਚ ਮਾਰੇ ਜਾਣ ਤੋਂ ਬਾਅਦ ਇੱਕ ਔਰਤ ਦੀ ਕੁੱਖ ਵਿੱਚੋਂ ਇੱਕ ਬੱਚੀ ਨੂੰ ਜ਼ਿੰਦਾ ਕੱਢ ਲਿਆ ਗਿਆ ਹੈ। ਫਲਸਤੀਨ ਦੇ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਔਰਤ 30 ਹਫਤਿਆਂ ਦੀ ਗਰਭਵਤੀ ਸੀ।

ਡਾਕਟਰਾਂ ਨੇ ਐਮਰਜੈਂਸੀ ਸੀ-ਸੈਕਸ਼ਨ ਡਿਲੀਵਰੀ ਰਾਹੀਂ ਬੱਚੀ ਨੂੰ ਬਚਾ ਲਿਆ। ਜਨਮ ਸਮੇਂ ਬੱਚੀ ਦਾ ਵਜ਼ਨ 1.4 ਕਿਲੋਗ੍ਰਾਮ (3.09 ਪੌਂਡ) ਸੀ। ਉਸ ਦੀ ਹਾਲਤ ਸਥਿਰ ਹੈ। ਹੌਲੀ-ਹੌਲੀ ਉਸ ਦੀ ਸਿਹਤ 'ਚ ਸੁਧਾਰ ਹੋ ਰਿਹਾ ਹੈ।

ਔਰਤ ਦੀ ਪਛਾਣ ਸਬਰੀਨ ਅਲ-ਸਕਾਨੀ ਵਜੋਂ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਦੋ ਘਰਾਂ 'ਤੇ ਇਜ਼ਰਾਇਲੀ ਹਵਾਈ ਹਮਲੇ 'ਚ ਬੱਚੀ ਦੀ ਮਾਂ, ਉਸ ਦੇ ਪਿਤਾ ਅਤੇ ਭੈਣ ਸਮੇਤ 19 ਲੋਕ ਮਾਰੇ ਗਏ। ਇਨ੍ਹਾਂ ਵਿੱਚ ਇੱਕੋ ਪਰਿਵਾਰ ਦੇ 13 ਬੱਚੇ ਵੀ ਸ਼ਾਮਿਲ ਹਨ।

## ਇਟਲੀ ’ਚ ਅੰਮ੍ਰਿਤਧਾਰੀ ਸਿੱਖ ’ਤੇ ਕ੍ਰਿਪਾਨ ਪਹਿਨਣ ਕਰਕੇ ਪਰਚਾ ਦਰਜ ਕਰਨਾ ਸਿੱਖਾਂ ਦੀ ਧਾਰਮਿਕ ਅਜ਼ਾਦੀ ਦੇ ਵਿਰੁੱਧ : ਐਡਵੋਕੇਟ ਧਾਮੀ

ਅੰਮ੍ਰਿਤਸਰ, 21 ਅਪ੍ਰੈਲ (ਪੋਸਟ ਬਿਊਰੋ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਟਲੀ ਦੇ ਮਿਲਾਨ ਸ਼ਹਿਰ ਵਿਖੇ ਇੱਕ ਅੰਮ੍ਰਿਤਧਾਰੀ ਸਿੱਖ ਸ. ਗੁਰਬਚਨ ਸਿੰਘ ਵਿਰੁੱਧ ਕਿਰਪਾਨ ਪਹਿਨਣ ਕਰਕੇ ਦਰਜ ਕੀਤੇ ਪਰਚੇ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ ਕਕਾਰ ਹੈ, ਜਿਸ ਨੂੰ ਸਿੱਖ ਰਹਿਤ ਮਰਯਾਦਾ ਅਨੁਸਾਰ ਇੱਕ ਅੰਮ੍ਰਿਤਧਾਰੀ ਸਿੱਖ ਹਮੇਸ਼ਾ ਆਪਣੇ ਸ਼ਰੀਰ ਦੇ ਅੰਗ-ਸੰਗ ਰੱਖਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਸਿੱਖ ਦੇ ਸ਼ਰੀਰ ਤੋਂ ਕਿਰਪਾਨ ਨੂੰ ਵੱਖ ਕਰਨਾ ਸਿੱਖਾਂ ਦੀ ਧਾਰਮਿਕ ਅਜ਼ਾਦੀ ਦੇ ਵਿਰੁੱਧ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਨੂੰ ਉਨ੍ਹਾਂ ਦੇ ਦੇਸ਼ ਭਾਰਤ ਦਾ ਸੰਵਿਧਾਨ ਵੀ ਕਿਰਪਾਨ ਪਹਿਨਣ ਦੀ ਅਜ਼ਾਦੀ ਦਿੰਦਾ ਹੈ, ਇਸ ਕਰਕੇ ਇਟਲੀ ਦੀ ਸਰਕਾਰ ਨੂੰ ਵੀ ਸਿੱਖ ਸਰੋਕਾਰਾਂ ਨੂੰ ਸਮਝਦੇ ਹੋਏ, ਸਿੱਖਾਂ ਨੂੰ ਆਪਣੇ ਦੇਸ਼ ਅੰਦਰ ਕਿਰਪਾਨ ਪਹਿਨਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਸਿੱਖ ਦੁਨੀਆ ਦੇ ਕਈ ਦੇਸ਼ਾਂ ਵਿੱਚ ਵੱਸਦੇ ਹਨ ਜਿੱਥੇ ਉਨ੍ਹਾਂ ਨੇ ਆਪਣੇ ਮਿਹਨਤ ਅਤੇ ਇਮਾਨਦਾਰੀ ਨਾਲ ਵੱਡੀਆਂ ਪ੍ਰਾਪਤੀਆਂ



ਹਾਸਲ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਅਮਰੀਕਾ, ਕੈਨੇਡਾ ਤੇ ਬਰਤਾਨੀਆ ਵਰਗੇ ਵਿਕਸਿਤ ਦੇਸ਼ਾਂ ਵਿੱਚ ਵੀ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਖੁੱਲ੍ਹ ਹੈ। ਐਡਵੋਕੇਟ ਧਾਮੀ ਨੇ ਇਟਲੀ ਦੀ ਸਿੱਖ ਸੰਗਤ ਨੂੰ ਵੀ ਅਪੀਲ ਕੀਤੀ ਕਿ ਸ. ਗੁਰਬਚਨ ਸਿੰਘ ਦੇ ਵਿਰੁੱਧ ਦਰਜ ਕੀਤੇ ਗਏ ਕੇਸ ਦਾ ਡਟ ਕੇ ਵਿਰੋਧ ਕਰਨ ਅਤੇ ਇਸ ਦੀ ਸਮੁੱਚੀ ਜਾਣਕਾਰੀ ਸ਼੍ਰੋਮਣੀ ਕਮੇਟੀ ਪਾਸ ਵੀ ਪੁੱਜਦੀ ਕਰਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਨੂੰ ਰੱਦ ਕਰਵਾਉਣ ਲਈ ਭਾਰਤ ਅੰਦਰ ਇਟਲੀ ਦੇ ਅੰਬੈਸਡਰ ਅਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਵੀ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕਰਨ ਦੇ ਨਾਲ-ਨਾਲ ਸਿੱਖਾਂ ਦੇ ਅਧਿਕਾਰਾਂ ਅਤੇ ਕਿਰਪਾਨ ਦੀ ਮਹੱਤਤਾ ਬਾਰੇ ਜਾਣਕਾਰੀ ਭੇਜੀ ਜਾਵੇਗੀ। ਉਨ੍ਹਾਂ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੂੰ ਵੀ ਅਪੀਲ ਕੀਤੀ ਕਿ ਸ. ਗੁਰਬਚਨ ਸਿੰਘ ਦੇ ਮਾਮਲੇ ਵਿੱਚ ਇਟਲੀ ਦੀ ਸਰਕਾਰ ਨਾਲ ਗੱਲਬਾਤ ਕਰਕੇ ਉਨ੍ਹਾਂ ਵਿਰੁੱਧ ਦਰਜ ਕੀਤਾ ਗਿਆ ਪਰਚਾ ਰੱਦ ਕਰਵਾਉਣ।

## ਪ੍ਰਸਿੱਧ ਕਵੀ ਅਮਰੀਕ ਪਲਾਹੀ ਨਾਲ ਰੂ-ਬ-ਰੂ ਅਤੇ ਮਹੀਨਾਵਾਰ ਕਵੀ ਦਰਬਾਰ



ਫਗਵਾੜਾ, 22 ਅਪ੍ਰੈਲ (ਗਿਆਨ ਸਿੰਘ): ਸਕੇਪ ਸਾਹਿਤਕ ਸੰਸਥਾ (ਰਜਿ:) ਵਲੋਂ ਪਰਵਿੰਦਰਜੀਤ ਸਿੰਘ ਪ੍ਰਧਾਨ ਦੀ ਅਗਵਾਈ ‘ਚ ਕੈਨੇਡਾ ਵਸਦੇ ਕਵੀ ਅਮਰੀਕ ਪਲਾਹੀ ਨਾਲ ਰੂ-ਬ-ਰੂ ਅਤੇ ਮਹੀਨਾਵਾਰ ਕਵੀ ਦਰਬਾਰ ਦਾ ਆਯੋਜਿਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪਰਵਿੰਦਰਜੀਤ ਸਿੰਘ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਅਤੇ ਕਵੀ ਅਮਰੀਕ ਪਲਾਹੀ ਨੇ ਕੀਤੀ। ਰੂ-ਬ-ਰੂ ਦਰਮਿਆਨ ਅਮਰੀਕ ਪਲਾਹੀ ਨੇ ਮਾਂ-ਬੋਲੀ ਪੰਜਾਬੀ, ਕੱਚਸੱਚ, ਕਵਿਤਾ ਦੇ ਰੂਬਰੂ, ਕਵਿਤਾਵਾਂ ਸਮੇਤ ਲਗਭਗ ਇਕ ਦਰਜਨ ਦੇ ਕਰੀਬ ਕਵਿਤਾਵਾਂ ਸੁਣਾਈਆਂ। ਮਾਂਬੋਲੀ ਅੰਮ੍ਰਿਤ ਦਾਤ ਹੈ, ਮੈਂ ਟੁੱਟ ਗਏ ਸ਼ੀਸ਼ੇ ਦਾ ਕੱਚਸੱਚ ਹਾਂ, ਕਵਿਤਾ ਕਵੀ ਦੇ ਟੁੱਟ ਭੱਜ ਦੀ ਭੂਰਾ ਚੂਰਾ ਨਹੀਂ ਹੁੰਦੀ, ਸੜਕ ਚੋਂ ਪਗਡੰਡੀ ਲੱਭੀਏ, ਸੂਈ ਜੋਗੀ ਥਾਂ, ਲਾਘਾਂ ਸਾਥੋਂ ਲੰਘ ਨਹੀਂ ਹੋਣ, ਨਾਨਕ ਹੀ ਸੰਗ ਨਹੀਂ ਹੋਣਾ, ਦੁਸ਼ਮਣ ਸ਼ਬਦ ਗੁਨਾਹ ਬਣ ਗਏ ਜਿਹੇ ਸ਼ਬਦ ਸ਼ਿਅਰ ਨਾਲ ਉਹਨਾਂ ਹਾਜ਼ਰੀਨ ਦੀ ਵਾਹ ਵਾਹ ਖੱਟੀ। ਉਹਨਾਂ ਦੀ ਕਵਿਤਾ ਸਬੰਧੀ ਰਵਿੰਦਰ ਚੋਟ ਨੇ ਸੰਖੇਪ ‘ਚ ਆਪਣੇ ਵਿਚਾਰ ਰੱਖੇ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਉਹਨਾਂ ਦੇ ਜੀਵਨ ਸਫ਼ਰ ਤੇ ਕਵਿਤਾ ਨਾਲ ਸਰੋਤਿਆਂ ਦੀ ਸਾਂਝ ਪਾਈ ਤੇ ਕਿਹਾ ਕਿ ਅਮਰੀਕ ਧਰਤੀ ਨਾਲ ਜੁੜਿਆ, ਮੋਹ ਭਿੱਜਾ ਸਖਸ਼ ਹੈ, ਜਿਸ ਦੀ ਕਵਿਤਾ ਲੋਕਾਂ ਦੇ ਦੁੱਖਾਂ ਦੀ ਬਾਤ ਪਾਉਂਦੀ ਹੈ। ਇਸ ਸਮੇਂ ਸੋਹਣ ਸਹਿਜਲ, ਬਲਦੇਵ ਰਾਜ ਕੋਮਲ, ਸੋਢੀ ਸੱਤੋਵਾਲੀ, ਜਸਵਿੰਦਰ ਫਗਵਾੜਾ, ਲਸ਼ਕਰ ਢੰਡਵਾੜਵੀ, ਬਲਵੀਰ ਕੌਰ ਬੱਬੂ ਸੈਣੀ, ਮਨੋਜ ਫਗਵਾੜਵੀ, ਕੈਪਟਨ ਦਵਿੰਦਰ ਸਿੰਘ ਜੱਸਲ, ਕੁਲਵੰਤ ਭਿੰਡਰ, ਸੋਹਣ ਸਿੰਘ ਭਿੰਡਰ, ਸਿਮਰਤ ਕੌਰ, ਸੁਖਦੇਵ ਗੰਡਵਾ, ਰਵਿੰਦਰ ਰਾਏ, ਸੀਤਲ ਰਾਮ ਬੰਗਾ, ਦਵਿੰਦਰ ਮੇਹਿਮੀ ਕਰਤਾਰਪੁਰ, ਗੁਰਨੂਰ ਕੌਰ ਨੇ ਕਵਿਤਾਵਾਂ ਸੁਣਾਈਆਂ। ਪ੍ਰਧਾਨ ਪਰਵਿੰਦਰਜੀਤ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਬਲਦੇਵ ਰਾਜ ਕੋਮਲ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਸਮੇਂ ਹੋਰਨਾ ਤੋਂ ਇਲਾਵਾ ਪ੍ਰਿੰਸੀਪਲ ਗੁਰਮੀਤ ਸਿੰਘ, ਬਲਵੀਰ ਸਿੰਘ, ਸੁਸ਼ੀਲ ਸ਼ਰਮਾ, ਸੱਤ ਪ੍ਰਕਾਸ਼ ਸਿੰਘ ਸੱਗੂ, ਗੀਤਕਾਰ ਮਨਮੀਤ ਮੇਵੀ ਆਦਿ ਹਾਜ਼ਰ ਸਨ।

## “ਖਾਲਸਾ ਪੰਥ ਦੀ ਸਾਜਨਾ ਦਿਵਸ” ਮੌਕੇ ਕਰਵਾਏ ਮੁਕਾਬਲੇ, ਯੋਗਿੰਦਰ ਸਿੰਘ ਨੇ ਕੀਤਾ ਪਹਿਲਾ ਸਥਾਨ ਹਾਸਿਲ

ਫਰੀਦਕੋਟ, 22 ਅਪ੍ਰੈਲ (ਗਿਆਨ ਸਿੰਘ): ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿਖੇ ਅੱਜ ਕੰਧ ਪੱਤ੍ਰਿਕਾ ਮੁਕਾਬਲੇ ਕਰਵਾਏ ਗਏ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕਾਲਜ ਯੂਨਿਟ ਦੇ ਕਨਵੀਨਰ ਡਾ. ਗਗਨਦੀਪ ਕੌਰ ਨੇ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਅਪ੍ਰੈਲ ਮਹੀਨੇ ਦੀ ਕੰਧ ਪੱਤ੍ਰਿਕਾ ਦਾ ਵਿਸ਼ਾ ਵਿਸਾਖੀ ਅਤੇ ਖਾਲਸਾ ਪੰਥ ਦੀ ਸਾਜਨਾ ਨਾਲ ਸੰਬਧਿਤ ਸੀ।

ਉਨ੍ਹਾਂ ਦੱਸਿਆ ਕਿ ਕੰਧ ਪੱਤ੍ਰਿਕਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਊਰਜਾ ਨੂੰ ਚੰਗੇ ਪਾਸੇ ਲਾਉਣ ਦੇ ਨਾਲ ਨਾਲ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇਣਾ ਹੈ। ਇਸ ਮੁਕਾਬਲੇ ਵਿੱਚ ਵੱਖ ਵੱਖ ਵਿਭਾਗਾਂ ਦੇ 20 ਵਿਦਿਆਰਥੀਆਂ ਨੇ ਭਾਗ ਲਿਆ। ਪ੍ਰੋ. ਸੁਖਜੀਤ ਸਿੰਘ ਨੇ ਨਤੀਜੇ ਘੋਸ਼ਤਿ ਕਰਦੇ ਹੋਏ ਦੱਸਿਆ ਕਿ ਯੋਗਿੰਦਰ ਸਿੰਘ ਨੇ ਪਹਿਲਾ, ਖੁਸ਼ਮੀਤ ਕੌਰ ਅਤੇ ਲਵਜੋਤ ਕੌਰ ਨੇ ਦੂਜਾ ਸਥਾਨ ਅਤੇ ਪਿੰਕੀ ਨਿਸ਼ਾਦ ਨੇ ਤੀਜਾ ਸਥਾਨ ਹਾਸਿਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਸ਼੍ਰੀ ਰਾਜੇਸ਼ ਕੁਮਾਰ, ਯੂਥ ਕੋਆਰਡੀਨੇਟਰ ਡਾ.ਰਾਜੇਸ਼ ਮੋਹਨ ਅਤੇ ਡਾ. ਪੂਜਾ ਭੱਲਾ ਨੇ ਮੈਡਲ ਪਾ ਕੇ ਸਨਮਾਨਿਤ ਕੀਤਾ।

ਇਸ ਮੌਕੇ ਪ੍ਰਿੰਸੀਪਲ ਰਾਜੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਨਾਲ, ਜਿੱਥੇ ਬੱਚਿਆਂ ਦੀ ਸਮੁੱਚੀ ਸ਼ਖ਼ਸੀਅਤ ਵਿੱਚ ਨਿਖਾਰ ਆਵੇਗਾ, ਉੱਥੇ ਨਾਲ ਹੀ ਉਨ੍ਹਾ ਨੂੰ ਭਾਰਤ ਦੇ ਇਤਿਹਾਸ ਬਾਰੇ ਜਾਣਕਾਰੀ ਵੀ ਪ੍ਰਾਪਤ ਹੋਵੇਗੀ। ਉਨ੍ਹਾਂ ਨੇ ਵਿਦਿਆਰਥੀਆ ਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਵੱਧ-ਚੜ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਦਿਆਰਥੀਆ ਦੀ ਹੌਂਸਲਾ ਅਫਜ਼ਾਈ ਲਈ ਪ੍ਰੋ. ਪਵਨ ਵਾਲੀਆ, ਪ੍ਰੋ. ਵਰਿੰਦਰ ਮੱਕੜ, ਪ੍ਰੋ. ਸੁਖਜੀਤ, ਪ੍ਰੋ. ਕਿਰਨ ਬਾਲਾ, ਡਾ. ਕੁਲਵਿੰਦਰ ਕੌਰ ਵਿਸ਼ੇਸ਼ ਰੂਪ ਵਿਚ ਹਾਜ਼ਰ ਸਨ। ਅੰਤ ਵਿੱਚ ਡਾ. ਗਗਨਦੀਪ ਕੌਰ ਨੇ ਸਭ ਦਾ ਧੰਨਵਾਦ ਕੀਤਾ।

## ਸ਼੍ਰੋਮਣੀ ਕਮੇਟੀ ਨੇ ਧਾਰਮਿਕ ਪ੍ਰੀਖਿਆ ਦਾ ਨਤੀਜਾ ਐਲਾਨਿਆ

### 1549 ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ 29 ਲੱਖ 88 ਹਜ਼ਾਰ ਦੀ ਵਜੀਫਾ ਰਾਸ਼ੀ



ਅੰਮ੍ਰਿਤਸਰ, 22 ਅਪ੍ਰੈਲ (ਗਿਆਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਨਵੰਬਰ 2023 ਵਿਚ ਲਈ ਗਈ ਦਰਜਾ ਪਹਿਲਾ ਅਤੇ ਦੂਜਾ ਦੀ ਧਾਰਮਿਕ ਪ੍ਰੀਖਿਆ ਦਾ ਨਤੀਜਾ ਅੱਜ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਬਿਆਸੀ ਅਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਜਾਰੀ ਕੀਤਾ। ਐਲਾਨੇ ਗਏ ਨਤੀਜੇ ਅਨੁਸਾਰ 1549 ਵਿਦਿਆਰਥੀਆਂ ਨੂੰ 29 ਲੱਖ 88 ਹਜ਼ਾਰ ਰੁਪਏ ਦੇ ਕਰੀਬ ਵਜੀਫਾ ਰਾਸ਼ੀ ਵਜੋਂ ਦਿੱਤੇ ਜਾਣਗੇ ਅਤੇ ਇਸ ਤੋਂ ਇਲਾਵਾ ਸਨਮਾਨ ਚਿੰਨ੍ਹ ਤੇ ਪ੍ਰਮਾਣ ਪੱਤਰ ਦੇ ਕੇ ਵੀ ਨਿਵਾਜਿਆ ਜਾਵੇਗਾ। ਨਤੀਜਾ ਜਾਰੀ ਕਰਨ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਜਿਥੇ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਦਾ ਕਾਰਜ ਕਰਦੀ ਹੈ, ਉਥੇ ਹੀ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਵੀ ਨਿਰੰਤਰ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਨੌਜੁਆਨਾਂ ਅਤੇ ਬੱਚਿਆਂ ਨੂੰ ਸਿੱਖ ਇਤਿਹਾਸ, ਰਹਿਤ ਮਰਯਾਦਾ ਅਤੇ ਸਿੱਖ ਸਿਧਾਂਤਾਂ ਨਾਲ ਜੋੜਨ ਲਈ ਧਾਰਮਿਕ ਪ੍ਰੀਖਿਆ ਦਾ ਵੱਡਾ ਮਹੱਤਵ ਹੈ।

ਇਸੇ ਦੌਰਾਨ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਦੌਰਾਨ ਹਜ਼ਾਰਾਂ ਵਿਦਿਆਰਥੀ ਹਿੱਸਾ ਲੈਂਦੇ ਹਨ, ਜਿਨ੍ਹਾਂ ਵਿੱਚੋਂ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਜੀਫਾ ਰਾਸ਼ੀ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਨਵੰਬਰ 2023 ਵਿਚ ਲਈ ਗਈ ਧਾਰਮਿਕ ਪ੍ਰੀਖਿਆ ਵਿਚ ਦੋ ਦਰਜਿਆਂ ਅੰਦਰ 43803 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 1549 ਵਿਦਿਆਰਥੀ ਨੇ ਵਜੀਫਾ ਹਾਸਲ ਕੀਤਾ ਹੈ। ਇਸ ਦੇ ਨਾਲ ਹੀ ਹਰ ਦਰਜੇ ਵਿੱਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਵੀ ਵਿਸ਼ੇਸ਼ ਰਾਸ਼ੀ ਦਿੱਤੀ ਜਾਵੇਗੀ। ਉਨ੍ਹਾਂ ਅਪੀਲ ਕੀਤੀ ਕਿ ਹਰ ਵਿਦਿਆਰਥੀ ਨੂੰ ਇਸ ਧਾਰਮਿਕ ਪ੍ਰੀਖਿਆ ਦਾ ਹਿੱਸਾ ਬਣਾਉਣ ਲਈ ਸਕੂਲ ਪ੍ਰਬੰਧਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ, ਤਾਂ ਜੋ ਵੱਧ ਤੋਂ ਵੱਧ ਬੱਚੇ ਅਤੇ ਨੌਜੁਆਨ ਆਪਣੇ ਇਤਿਹਾਸ ਅਤੇ ਵਿਰਸੇ ਤੋਂ ਜਾਣੂ ਹੋ ਸਕਣ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਇੰਚਾਰਜ ਜੋਗੇਸ਼ਵਰ ਸਿੰਘ ਆਦਿ ਹਾਜ਼ਰ ਸਨ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

**SherGill Law Firm**
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



**TAX & ACCOUNTING**
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
* How your spouse can join you within 4-6 months
* How your parents can join you
* How students & skilled people can come to Canada
* How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com





# ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨੇ 7 ਸਕੂਲੀ ਵਾਹਨਾਂ ਦੇ ਕੱਟੇ ਚਲਾਨ

ਫਿਰੋਜ਼ਪੁਰ, 22 ਅਪ੍ਰੈਲ (ਗਿਆਨ ਸਿੰਘ): ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿ-ਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸੇਫ ਸਕੂਲ ਵਾਹਨ ਪਾਲਿਸੀ 6907 ਆਫ 2009 ਤਹਿਤ ਜ਼ਲ੍ਹਿਾ ਪ੍ਰੋਗਰਾਮ ਅਫਸਰ ਕਰਨ ਬਰਾੜ ਦੀ ਯੋਗ ਅਗਵਾਈ ਹੇਠ ਜ਼ਲ੍ਹਿਾ ਬਾਲ ਸੁਰੱਖਿਆ ਯੂਨਿਟ ਅਤੇ ਟਾਸਕ ਫੋਰਸ ਟੀਮ ਦੇ ਮੈਬਰਾਂ ਦੇ ਸਹਿਯੋਗ ਨਾਲ ਜ਼ੀਰਾ ਰੋਡ ਅਤੇ ਕੁੱਲਗੜੀ ਵਿਖੇ ਵੱਖ ਵੱਖ ਸਕੂਲੀ ਵਾਹਨਾ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ 07 ਸਕੂਲੀ ਵਾਹਨਾਂ ਦੇ ਚਲਾਨ ਕੱਟੇ ਗਏ।



ਜ਼ਿਲ੍ਹਾ ਟ੍ਰੈਫਿਕ ਇੰਚਾਰਜ ਐਸ.ਆਈ ਪਰਮਜੀਤ ਸਿੰਘ ਵੱਲੋਂ ਸਕੂਲੀ ਵਾਹਨਾਂ ਦੇ ਡਰਾਇਵਰਾਂ ਨੂੰ ਇਹ ਗੱਲ ਸਪੱਸ਼ਟ ਕੀਤੀ ਗਈ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆ ਨਾ ਕਰਨ ਵਾਲੇ ਵਾਹਨਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਬਣਦੀ ਕਾਨੂੰਨੀ ਕਾਰਵਾਈ ਹੋਣੀ ਯਕੀਨੀ ਬਣਾਈ ਜਾਵੇਗੀ। ਜ਼ਲ੍ਹਿਾ ਬਾਲ ਸੁਰੱਖਿਆ ਅਫਸਰ ਮੈਡਮ ਜਸਵਿੰਦਰ ਕੌਰ ਵੱਲੋਂ ਸਮੇਂ-ਸਮੇਂ ਤੇ ਸਕੂਲ ਦੇ ਪ੍ਰਿੰਸੀਪਲ ਅਤੇ ਸਕੂਲ ਵਾਹਨਾਂ ਦੇ ਡਰਾਇਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾ ਜਿਵੇ ਸੀ.ਸੀ.ਟੀ.ਵੀ ਕੈਮਰਾ, ਬੱਸ ਦੀਆਂ ਦੋਵਾ ਸਾਇਡਾ ਤੇ ਖਿੜਕੀ ਤੇ ਲੋਹੇ ਦੀ ਗਰਿੱਲ ਲੱਗੀ ਹੋਣਾ, ਫਸਟ ਏਡ ਬਾਕਸ, ਲੇਡੀ ਕਡੰਕਟਰ, ਡਰਾਇਵਰ ਕੋਲ ਡਰਾਇਵਰੀ ਹੈਵੀ ਲਾਇਸੰਸ, ਵਾਹਨ ਵਿੱਚ ਸਪੀਡ ਗਵਰਨ ਲੱਗਾ ਹੋਣਾ, ਸਕੂਲ

ਵਾਹਨ ਦਾ ਰੰਗ ਪੀਲਾ ਹੋਣਾ ਆਦਿ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਸਕੂਲ ਦੇ ਪ੍ਰਿੰਸੀਪਲ ਨੂੰ ਸਖਤ ਹਦਾਇਤ ਕੀਤੀ ਜਾ ਰਹੀ ਹੈ, ਜੇਕਰ ਸਕੂਲ ਵਾਹਨ ਤੋਂ ਬੱਚੇ ਨਾਲ ਕੋਈ ਦੁਰਘਟਨਾ ਹੋ ਜਾਂਦੀ ਹੈ ਤਾਂ ਇਸ ਦੀ ਜਿੰਮੇਵਾਰੀ ਸਕੂਲ ਦੀ ਹੋਵੇਗੀ ਅਤੇ ਸਕੂਲ ਪ੍ਰਿੰਸੀਪਲ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਕੂਲ ਵਾਹਨ ਦੇ ਡਰਾਇਵਰਾ ਕੋਲ ਵਾਹਨ ਦੇ ਕਾਗਜ਼ ਵੀ ਪੂਰੇ ਹੋਣੇ ਚਾਹੀਦੀ ਹਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਬੱਚਿਆ ਦੀ ਚੰਗੀ ਸੁਰੱਖਿਆ ਦੁਆਰਾ ਹੀ ਉਹਨਾ ਦੇ ਚੰਗੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੋਂ ਸ੍ਰੀ ਸਤਨਾਮ ਸਿੰਘ, ਰਿਜ਼ਨਲ ਟਰਾਂਸਪੋਰਟ ਅਥਾਰਟੀ ਦਫਤਰ ਤੋਂ ਹਰਮੀਤ ਸਿੰਘ, ਪੰਜਾਬ ਰੋਡਵੇਜ਼ ਤੋਂ ਸੁਖਵਿੰਦਰ ਸਿੰਘ, ਟ੍ਰੈਫਿਕ ਪੁਲਿਸ ਵਿਭਾਗ ਤੋਂ ਸੁਖਦੇਵ ਸਿੰਘ, ਜਗਤਾਰ ਸਿੰਘ ਅਤੇ ਸੋਨੂ ਹਾਜ਼ਰ ਸਨ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664








**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**






# ਨਾਮਵਰ ਖਿਡਾਰੀ ਤੋਂ ਸਫ਼ਲ ਕੋਚ ਬਣਨ ਤੱਕ ਦਾ ਸਫ਼ਰ : ਜਸਬੀਰ ਭਾਰਟਾ

ਗੱਲ ਕਰਨ ਜਾ ਰਿਹਾ ਹਾਂ, ਅੱਜ ਐਸੇ ਖਿਡਾਰੀ ਦੀ ਜਿਸ ਲਈ ਫੁੱਟਬਾਲ ਬਚਪਨ ਤੋਂ ਇੱਕ ਜਾਨੂੰਨ ਸੀ ਅਤੇ ਜਿਸ ਦਾ ਪਹਿਲਾ ਪਿਆਰ, ਮੁਹੱਬਤ ਅਤੇ ਅਕੀਦਾ ਹੀ ਫੁੱਟਬਾਲ ਹੈ, ਮੇਰੀ ਮੁਰਾਦ ਫੁੱਟਬਾਲ ਕੋਚ ਜਸਬੀਰ ਸਿੰਘ ਭਾਰਟਾ ਜੀ ਤੋਂ ਹੈ, ਜਿੰਨਾ ਚੜਦੀ ਜਵਾਨੀ ਜੇ.ਸੀ.ਟੀ ਫੁੱਟਬਾਲ ਕਲੱਬ ਫਗਵਾੜਾ ਤੋਂ ਖੇਡਦਿਆਂ ਨਾਮਣਾ ਖੱਟਿਆ ਤੇ ਹੁਣ ਨਵੇਂ ਸਿਖਾਂਦਰੂ ਨੂੰ ਖੇਡਣ ਦੇ ਗੁਣ ਸਿਖਾਉਣ ਲਈ ਕੋਚਿੰਗ ਸੇਵਾਵਾਂ ਸਫਲਤਾਪੂਰਵਕ ਨਿਭਾ ਰਿਹਾ ਹੈ। ਮਾਹਿਲਪੁਰ ਜਿਸ ਨੂੰ ਪੰਜਾਬੀ ਫੁੱਟਬਾਲ ਦਾ ਮੱਕਾ ਕਿਹਾ ਜਾਂਦਾ ਹੈ, ਉਸ ਤੋਂ ਮਹਿਜ਼ ਚਾਰ ਕਿਲੋਮੀਟਰ ਦੂਰ ਮੇਰਾ ਪਿੰਡ ਭਾਰਟਾ ਗਣੇਸ਼ਪੁਰ ਤੇ ਮੇਰੇ ਪਿੰਡ ਦੇ ਮਾਣ, ਜਸਬੀਰ ਭਾਰਟਾ ਦਾ, ਪਿੰਡ ਦੀ ਜੂਹ ਤੋਂ ਉੱਠ ਕੇ ਸਟਾਰ ਖਿਡਾਰੀ ਬਣਨ ਤੱਕ ਦਾ ਸਫ਼ਰ ਬੜਾ ਹੀ ਸੰਘਰਸ਼ਾਂ ਨਾਲ ਭਰਿਆ ਰਿਹਾ । ਤੰਗੀ-ਤੁਰਸ਼ੀਆ ਵਿੱਚ ਫੁੱਟਬਾਲ ਨੂੰ ਮਸ਼ਾਲ ਬਣਾ ਕੇ ਆਪਣਾ ਰਾਹ ਰੁਸ਼ਨਾਉਣ ਵਾਲਾ ਆਪਣੇ ਸਮੇਂ ਦਾ ਨਾਮਵਰ ਖਿਡਾਰੀ ਜਸਬੀਰ ਭਾਰਟਾ ਅੱਜਕਲ੍ਹ ਇੱਕ ਕੋਚ ਵਜੋਂ ਆਪਣੀਆਂ ਵਡਮੁੱਲੀਆਂ ਸੇਵਾਵਾਂ ਫੁੱਟਬਾਲ ਜਗਤ ਦੀ ਝੋਲੀ ਵਿੱਚ ਪਾ ਰਿਹਾ ਹੈ।



ਸਵ: ਗੁਰਦਿਆਲ ਸਿੰਘ ਦੇ ਘਰ 1 ਅਗਸਤ 1966 ਨੂੰ ਪਿੰਡ ਭਾਰਟਾ ਗਣੇਸ਼ਪੁਰ ਵਿਖੇ ਜਨਮੇ ਜਸਬੀਰ ਸਿੰਘ ਨੇ ਮਿਡਲ ਤੱਕ ਦੀ ਪੜਾਈ ਪਿੰਡ ਦੇ ਸਰਕਾਰੀ ਸਕੂਲ ਤੋਂ ਹੀ ਕੀਤੀ। ਪਿੰਡ ਦੇ ਨਾਮਵਰ ਲੀਡਰ ਕਲੱਬ ਦੇ ਖਿਡਾਰੀ ਨਿਰਮਲ ਸਿੰਘ ਨਿੰਮਾ ਤੋਂ ਪ੍ਰਭਾਵਿਤ ਜਸਬੀਰ ਭਾਰਟਾ ਨੂੰ ਫੁੱਟਬਾਲ ਦਾ ਸ਼ੋਕ ਬਚਪਨ ਤੋਂ ਹੀ ਸੀ। 1982-83 ਦਾ ਦੂਰਦਰਸ਼ਨ ਉਪਰ ਪ੍ਰਸਾਰਿਤ ਫੁੱਟਬਾਲ ਵਿਸ਼ਵ ਕੱਪ ਦਾ ਉਸ ਦੇ ਦਿਲ-ਦਿਮਾਗ ਉਪਰ ਬਹੁਤ ਗਹਿਰਾ ਅਸਰ ਹੋਇਆ। ਮੈਰਾਡੋਨਾ ਦੀ ਜਾਦੂਈ ਖੇਡ ਦਾ ਦੀਵਾਨਾ ਹੋ ਕੇ ਉਹ ਫੁੱਟਬਾਲ ਵਲ ਖਿੱਚਿਆ ਗਿਆ। ਉਹ 83-1984 'ਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਪਾਲਦੀ ਵਿਖੇ ਮੈਟ੍ਰਿਕ ਕਰਦਿਆਂ ਸਕੂਲ ਦੀ ਟੀਮ ਵਿੱਚ ਖੇਡਦਾ ਰਿਹਾ। ਫਿਰ 1985 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਵਿਖੇ ਪੜਦਿਆ ਜਿਲ੍ਹੇ ਦੀ ਟੀਮ ਵਲੋਂ ਖੇਡਦਿਆਂ ਆਪਣੀ ਖੇਡ ਕਲਾ ਦੇ ਜੋਹਰ ਵਿਖਾਏ ਤੇ ਇਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਤੋਂ 1988 ਵਿੱਚ ਆਪਣੀ ਗ੍ਰੈਜੂਏਸ਼ਨ ਦੀ ਪੜਾਈ ਕਰਨ ਲੱਗ ਪਿਆ। ਮਾਹਿਲਪੁਰ ਕਾਲਜ ਵਿਖੇ ਖੇਡਦਿਆਂ ਉਸਦੀ ਖੇਡ ਵਿੱਚ ਹੋਰ ਨਿਖਾਰ ਆਇਆ। ਉਸ ਦੇ ਮੁਤਾਬਕ ਕੋਚ ਰਜਿੰਦਰ ਸ਼ਰਮਾਂ ਦੀ ਦੇਣ ਉਹ ਕਦੇ ਵੀ ਨਹੀਂ ਦੇ ਸਕਦਾ। ਉਸ ਦੀਆਂ ਖੇਡ ਪ੍ਰਾਪਤੀਆਂ ਵਿੱਚ ਉਨ੍ਹਾਂ ਦਾ ਵਡਮੁੱਲਾ ਯੋਗਦਾਨ ਹੈ। ਕਾਲਜ ਵਿੱਚ ਖੇਡਦਿਆਂ ਸਮੇਂ ਉਸ ਨੇ ਨੋਰਥ-ਜ਼ੋਨ ਇੰਟਰ ਵਰਸਿਟੀ ਟੂਰਨਾਮੈਂਟ ਵਿੱਚ ਸ੍ਰੀਨਗਰ ਵਿਖੇ ਭਾਗ ਲਿਆ। ਉਹ ਪਣਜੀ ਗੋਆ ਵਿਖੇ ਹੋਏ ਆਲ ਇੰਡੀਆ ਇੰਟਰ ਯੂਨੀਵਰਸਿਟੀ ਟੂਰਨਾਮੈਂਟ ਵਿੱਚ ਰਨਰ ਅੱਪ ਟੀਮ ਦਾ ਵੀ ਹਿੱਸਾ ਸੀ। ਇਸ ਤੋਂ ਬਾਅਦ ਉਹ ਰੇਲ ਕੋਚ ਫੈਕਟਰੀ ਫੁੱਟਬਾਲ ਟੀਮ ਵਿੱਚ 1989 ਤੋਂ 1990 ਤੱਕ ਖੇਡਿਆ ਤੇ ਫਿਰ ਇਕ ਅਹਿਮ ਪ੍ਰਾਪਤੀ ਅਧੀਨ ਉਸ ਦੀ ਚੋਣ ਉਸ ਸਮੇਂ ਦੇ ਨਾਮਵਰ ਫੁੱਟਬਾਲ ਕਲੱਬ ਜੇਸੀਟੀ ਵਿੱਚ ਹੋਈ ਜਿੱਥੇ ਉਸ ਨੇ 1990 ਤੋਂ 2001 ਤੱਕ ਆਪਣੀ ਖੇਡ ਕਲਾ ਦਾ ਲੋਹਾ ਮਨਵਾਇਆ। ਮਾਹਿਲਪੁਰ ਤੋਂ ਸੀਨੀਅਰ ਬਿਜਲੀ ਬੋਰਡ ਦੇ ਖਿਡਾਰੀ ਯਸ਼ਪਾਲ ਜੱਸੀ ਅਤੇ ਜੀਤ ਖਾਬੜਾ ਨੂੰ ਪ੍ਰੇਰਣਾ ਸਰੋਤ ਮੰਨਣ ਵਾਲਾ ਜਸਬੀਰ ਭਾਰਟਾ, ਜੇਸੀਟੀ ਵਲੋਂ ਹਾਫਬੈਕ ਵਜੋਂ ਖੇਡਦਿਆਂ ਵੱਡੇ ਮੁਕਾਬਲਿਆਂ ਵਿੱਚ ਟੀਮ ਦੀ ਸਫਲਤਾ ਵਿੱਚ ਆਪਣਾ ਅਹਿਮ ਯੋਗਦਾਨ ਪਾਉਂਦਾ ਰਿਹਾ। ਜੀਤ ਖਾਬੜਾ ਦੇ ਨਾਲ ਜੇਸੀਟੀ ਵਲੋਂ ਖੇਡਣਾ ਵੀ ਉਹ ਆਪਣੀ ਜ਼ਿੰਦਗੀ ਦੀ ਅਹਿਮ ਪ੍ਰਾਪਤੀ ਮੰਨਦਾ ਹੈ।



ਇਸ ਸਮੇਂ ਉਸ ਨੇ 92, 93 ਅਤੇ 96 ਤਿੰਨ ਵਾਰ ਸੰਤੋਸ਼ ਟ੍ਰਾਫੀ ਖੇਡਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। 1992 ਦਾ ਡੂਰੰਡ ਕੱਪ ਜਿੱਤਣਾ ਉਸ ਦੇ ਖੇਡ ਜੀਵਨ ਦੇ ਯਾਦਗਾਰੀ ਪਲ ਹਨ। ਇਸ ਟੂਰਨਾਮੈਂਟ ਵਿੱਚ ਉਸ ਨੇ ਪਹਿਲੇ ਹੀ ਮੈਚ ਵਿੱਚ ਈਸਟ ਬੰਗਾਲ ਦੀ ਟੀਮ ਖਿਲਾਫ਼ ਆਪਣੀ ਸ਼ਾਨਦਾਰ ਖੇਡ ਵਿਖਾਉਂਦਿਆਂ 2 ਗੋਲ ਕੀਤੇ। ਗੋਆ ਵਿਖੇ 1996 ਹੋਈ ਸੰਤੋਸ਼ ਟ੍ਰਾਫੀ ਵਿੱਚ ਉਸ ਦੀ ਕਾਬਲੀਅਤ ਕਾਰਨ ਉਸ ਨੂੰ ਪੰਜਾਬ ਦੀ ਟੀਮ ਦਾ ਕਪਤਾਨ ਥਾਪਿਆ ਗਿਆ। 1996 'ਚ ਸਿਜਰਜ਼ ਕੱਪ ਵਿੱਚ ਮਲੇਸ਼ੀਆ ਦੇ ਪਰਲਿਸ ਫੁੱਟਬਾਲ ਕਲੱਬ ਵਿਰੁੱਧ ਖੇਡਦਿਆਂ ਕੀਤੇ ਗੋਲ ਨੂੰ ਜਸਬੀਰ ਭਾਰਟਾ ਇਕ ਸੁਨਹਿਰੀ ਗੋਲ ਵਜੋਂ ਯਾਦ ਕਰਦਾ ਭਾਵੁਕ ਹੋ ਜਾਂਦਾ ਹੈ। 1996 ਵਿੱਚ ਮਾਲਦੀਵ ਵਿਖੇ ਹੋਈ ਏਸ਼ੀਆਈ ਫੁੱਟਬਾਲ ਚੈਪੀਅਨਸ਼ਿਪ ਵਿੱਚ ਵੀ ਖੇਡਣ ਦਾ ਮੌਕਾ ਮਿਲਿਆ। ਉਸ ਨੇ ਜੇ. ਸੀ. ਟੀ ਫੁੱਟਬਾਲ ਕਲੱਬ ਵਲੋਂ ਵਲੋਂ ਡੂਰੰਡ ਕੱਪ, ਆਈ ਐਫ ਏ ਸ਼ੀਲਡ, ਸਿਜਰਜ਼ ਕੱਪ, ਰੋਵਰਜ ਕੱਪ, ਫੈਡਰੇਸ਼ਨ ਕੱਪ ਆਦਿ ਖੇਡਦਿਆਂ ਹਰ ਪਾਸੇ ਵਾਹ-ਵਾਹ ਖੱਟੀ। ਉਸ ਨੂੰ 1994 ਵਿੱਚ ਸੀਜ਼ਨ ਦੌਰਾਨ ਜੇ. ਸੀ. ਟੀ ਟੀਮ ਦੀ ਕਪਤਾਨੀ ਕਰਨ ਦਾ ਵੀ ਮੌਕਾ ਮਿ-ਲਿਆ। ਉਸ ਨੂੰ ਮਾਣ ਹੈ ਕਿ ਉਸ ਨੂੰ ਇਕ ਟੀਮ ਪਲੇਅਰ ਵਜੋਂ ਜਾਣਿਆ ਜਾਂਦਾ ਸੀ। ਉਸ ਸਮੇਂ ਜੇ ਸੀ ਟੀ ਦੇ ਖਿਡਾਰੀ ਅਕਸਰ ਕਹਿੰਦੇ ਹੁੰਦੇ ਸਨ ਕਿ ਭਾਰਟੇ ਵਾਲੇ ਜਸਬੀਰ ਵਾਂਗ ਨਹੀਂ ਕੋਈ ਭੱਜ ਸਕਦਾ ਤੇ ਜਸਬੀਰ ਮੁਤਾ-ਬਕ ਉਹ ਆਪਣੀ ਸਪੀਡ ਕਾਰਨ ਹੀ ਇਨ੍ਹਾਂ ਸਮਾਂ ਜੇ.ਸੀ.ਟੀ ਵਿੱਚ ਟਿਕ ਸਕਿਆ। ਜੇ.ਸੀ.ਟੀ ਤੋਂ ਬਾਅਦ ਜਸਬੀਰ ਭਾਰਟਾ ਪੀ.ਏ.ਪੀ ਵਲੋਂ ਫੈਡਰੇਸ਼ਨ ਕੱਪ ਵੀ ਖੇਡਿਆ। ਕੁੱਝ ਸਮਾਂ ਬਿਜਲੀ ਬੋਰਡ ਵਲੋਂ ਗੈਸਟ ਪਲੇਅਰ ਵਜੋਂ ਵੀ ਖੇਡਦਾ ਰਿਹਾ।






2001 ਤੋਂ ਬਾਅਦ ਉਸ ਨੇ ਪੇਸ਼ਾਵਰ ਫੁੱਟਬਾਲ ਤੋਂ ਸੰਨਿਆਸ ਲੈ ਕੇ ਕੋਚਿੰਗ ਵਲ ਰੁਖ ਕੀਤਾ। 2003 ਵਿੱਚ ਐਨ.ਆਈ.ਐਸ ਪਟਿਆਲਾ ਤੋਂ ਡਿਪਲੋਮਾ ਇਨ ਸਪੋਰਟਸ ਕੋਚਿੰਗ ਪਾਸ ਕੀਤਾ। ਇਸ ਦੇ ਨਾਲ ਹੀ ਏਐਫਸੀ 'ਸੀ' ਕੋਚਿੰਗ ਸਰਟੀਫਿਕੇਟ ਅਤੇ ਏਆਈਐਫਐਫ ਗਰਾਸਰੂਟਸ ਲੀਡਰ ਕੋਰਸ ਵੀ ਉਸ ਦੀ ਯੋਗਤਾ ਨੂੰ ਹੋਰ ਵਧਾਉਂਦੇ ਹਨ। ਉਸ ਨੂੰ ਪੰਜਾਬ ਦੀ ਅੰਡਰ-21 ਦੀ 2006 ਤੋਂ 2010 ਤੱਕ ਦੀ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਹੋਣ ਦਾ ਮਾਣ ਪ੍ਰਾਪਤ ਹੈ। ਉਹ ਸਿੱਖ ਨੈਸ਼ਨਲ ਕਾਲਜ ਬੰਗਾ, ਗੁਰੂ ਨਾਨਕ ਕਾਲਜ ਫਗਵਾੜਾ, ਸਰਦਾਰ ਜਗਤ ਸਿੰਘ ਪਲਾਹੀ ਫੁੱਟਬਾਲ ਐਕਡਮੀ ਫਗਵਾੜਾ, ਨਾਮਧਾਰੀ ਫੁੱਟਬਾਲ ਐਕਡਮੀ ਸ਼੍ਰੀ ਭੈਣੀ ਸਾਹਿਬ ਲੁਧਿਆਣਾ, ਯੰਗਸਟਰ ਫੁੱਟਬਾਲ ਐਕਡਮੀ ਚੰਡੀਗੜ੍ਹ, ਪ੍ਰਿੰਸੀਪਲ ਹਰਭਜਨ ਸਿੰਘ ਫੁੱਟਬਾਲ ਐਕਡਮੀ ਅੰਡਰ-19 ਮਾਹਿਲਪੁਰ ਬਤੋਰ ਕੋਚ ਸੇਵਾਵਾਂ ਨਿਭਾ ਚੁੱਕਾ ਹੈ ਅਤੇ ਅੱਜਕੱਲ੍ਹ ਉਹ ਯੰਗ ਫੁੱਟਬਾਲ ਕਲੱਬ ਦੇ ਕੋਚ ਵਜੋਂ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਹਾਲ ਹੀ ਵਿੱਚ ਹੋਈ ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਵਿੱਚ ਉਸ ਦੀ ਟੀਮ ਯੰਗ ਐਫ ਸੀ ਰਨਰ ਅੱਪ ਰਹੀ। ਉਪਰੋਕਤ ਐਕਡਮੀਆਂ, ਕਾਲਜਾਂ ਅਤੇ ਕਲੱਬਾਂ ਦੇ ਕੋਚ ਵਜੋਂ ਅਨੇਕਾਂ ਹੀ ਉਪਲਬਧੀਆਂ ਉਸ ਦੇ ਨਾਮ ਹਨ। ਉਸ ਦੇ ਦੇਖ-ਰੇਖ ਹੇਠ ਖੇਡੇ ਖਿਡਾਰੀ ਵੱਖ-ਵੱਖ ਕਲੱਬਾਂ ਵਿੱਚ ਆਪਣਾ ਖੇਡ ਪ੍ਰਤਿਭਾ ਦਾ ਲੋਹਾ ਮਨਵਾ ਰਹੇ ਹਨ। ਇਸ ਦੇ ਨਾਲ ਹੀ ਉਹ ਆਪਣੇ ਪਿੰਡ ਦੇ ਨੋਜਵਾਨਾਂ ਲਈ ਵੀ ਰਾਹ ਦਸੇਰਾ ਬਣਿਆ। ਉਸ ਦੇ ਛੋਟੇ ਭਰਾ ਪਰਮਿੰਦਰ ਸਿੰਘ ਬਿਜਲੀ ਬੋਰਡ ਅਤੇ ਜਤਿੰਦਰ ਸਿੰਘ ਜੇ ਐਂਡ ਕੇ ਬੈਂਕ ਵਿੱਚ ਖੇਡੇ। ਇਕਬਾਲ ਸਿੰਘ ਬਾਲੀ ਬੀ.ਐਸ.ਐਫ ਅਤੇ ਸਤਵਿੰਦਰ ਸਿੰਘ ਸੀ.ਆਰ.ਪੀ.ਐਫ ਵੀ ਜਸਬੀਰ ਭਾਰਟਾ ਤੋਂ ਪ੍ਰੇਰਣਾ ਲੈ ਕੇ ਅੱਗੇ ਵਧੇ।

ਇਕ ਖਿਡਾਰੀ ਅਤੇ ਕੋਚ ਦੇ ਨਾਲ-ਨਾਲ ਜਸਬੀਰ ਭਾਰਟਾ ਸੋਨੇ ਦੇ ਦਿਲ ਵਰਗਾ ਇਨਸਾਨ ਹੈ। ਹਮੇਸ਼ਾ ਆਪਣੇ ਖਿਡਾਰੀਆਂ ਦੇ ਹੱਕ ਵਿੱਚ ਡਟਣ ਵਾਲਾ ਇਹ ਇਨਸਾਨ ਹਰ ਸਮੇਂ ਖਿਡਾਰੀਆਂ ਦੇ ਹੁਨਰ ਨੂੰ ਨਿਖਾਰਨ ਲਈ ਤਤਪਰ ਰਹਿੰਦਾ ਹੈ। ਅਨੁਸ਼ਾਸਨ ਨਾਲ ਸਮਝੌਤਾ ਉਸ ਦੀ ਡਾਇਰੀ ਵਿੱਚ ਹੈ ਨਹੀਂ। ਪੈਸਾ ਉਸ ਲਈ ਕਦੇ ਤਰਜੀਹ ਨਹੀਂ ਰਿਹਾ ਬਲਕਿ ਫੁੱਟਬਾਲ ਨਾਲ ਸੱਚਾ ਇਸ਼ਕ ਹੀ ਉਸ ਦੀ ਪ੍ਰਾਪਤੀ ਹੈ ਜੋ ਉਸ ਨੂੰ ਇਕ ਖਿਡਾਰੀ ਅਤੇ ਸਫ਼ਲ ਕੋਚ ਵਜੋਂ ਪਹਿਚਾਣ ਦਿੰਦਾ ਹੈ। ਉਮੀਦ ਹੈ ਕਿ ਉਹ ਇਸੇ ਤਰ੍ਹਾਂ ਆਪਣੇ ਜੀਵਨ ਪੰਧ ਵਿੱਚ ਅੱਗੇ ਵੱਧਦਾ ਰਹੇ.. ਆਮੀਨ..!

ਜਗਜੀਤ ਸਿੰਘ ਗਣੇਸ਼ਪੁਰ,
ਪਿੰਡ ਤੇ ਡਾਕ: ਗਣੇਸ਼ਪੁਰ,
ਹੁਸ਼ਿਆਰਪੁਰ,
ਸੰਪਰਕ:94655-76022

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us
CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


# ਜਲਵਾਯੂ ਤਬਦੀਲੀ ਲਈ ਅਧਿਆਤਮਿਕ ਪਹੁੰਚ

-ਵਿਜੈ ਗਰਗ-



ਜਲਵਾਯੂ ਤਬਦੀਲੀ ਲਈ ਅਧਿਆਤਮਿਕ ਪਹੁੰਚ ਕੁਦਰਤ ਦੇ ਨਾਲ ਇਕਸੁਰਤਾ ਦੇ ਜੀਵਨ ਵਿੱਚ ਵਾਪਸ ਆਉਣ ਲਈ, ਸਾਨੂੰ ਆਪਣੀ ਅਧਿਆਤਮਿਕ ਪਛਾਣ ਨੂੰ ਸਮਝਣ ਦੀ ਲੋੜ ਹੈ ਕੁਝ ਸਦੀਆਂ ਪਹਿਲਾਂ ਕੋਈ ਵੀ ਜਲਵਾਯੂ ਤਬਦੀਲੀ ਬਾਰੇ ਚਿੰਤਤ ਨਹੀਂ ਸੀ, ਕਿਉਂਕਿ ਅਜਿਹਾ ਕਰਨ ਦਾ ਕੋਈ ਕਾਰਨ ਨਹੀਂ ਸੀ। ਪਰ ਜਿਵੇਂ-ਜਿਵੇਂ ਮਨੁੱਖਾਂ ਨੇ ਕੁਦਰਤ ਤੋਂ ਵੱਧ ਕੱਢਿਆ ਅਤੇ ਬਹੁਤ ਜ਼ਿਆਦਾ ਜ਼ਹਿਰੀਲੇ ਪਦਾਰਥਾਂ ਸਮੇਤ ਕੂੜੇ ਦੀ ਵਧਦੀ ਮਾਤਰਾ ਨੂੰ ਇਸ 'ਤੇ ਸੁੱਟ ਦਿੱਤਾ, ਵਾਤਾਵਰਣ ਸੰਤੁਲਨ ਵਿਗੜਨਾ ਸ਼ੁਰੂ ਹੋ ਗਿਆ।

ਇਹ ਪ੍ਰਕਿਰਿਆ ਸਦੀਆਂ ਤੋਂ ਤੇਜ਼ ਹੋ ਗਈ ਹੈ ਅਤੇ ਸਾਨੂੰ ਮੌਜੂਦਾ ਸਥਿਤੀ ਵਿੱਚ ਲੈ ਆਈ ਹੈ ਜਿੱਥੇ, ਕੁਝ ਮਾਹਰਾਂ ਦੇ ਅਨੁਸਾਰ, ਸਮੁੱਚੀ ਮਨੁੱਖ ਜਾਤੀ ਜਲਦੀ ਹੀ ਵਿਨਾਸ਼ ਦਾ ਸਾਹਮਣਾ ਕਰ ਰਹੀ ਹੈ। ਜਲਵਾਯੂ ਤਬਦੀਲੀ ਅਤੇ ਗਲੋਬਲ ਵਾਰਮਿੰਗ ਨੂੰ ਕਈ ਵਾਰ ਭਵਿੱਖ ਵਿੱਚ ਵਾਪਰਨ ਵਾਲੀਆਂ ਚੀਜ਼ਾਂ ਦੇ ਰੂਪ ਵਿੱਚ ਸੋਚਿਆ ਜਾਂਦਾ ਹੈ। ਪਰ ਵਿਗਿਆਨੀ ਵੱਧ ਰਹੇ ਸਬੂਤ ਲੱਭ ਰਹੇ ਹਨ ਕਿ ਗ੍ਰਹਿ ਹੁਣ ਬਦਲ ਰਿਹਾ ਹੈ - ਅਤੇ ਇਹ ਕਿ ਲੋਕਾਂ ਨੂੰ ਇਸ ਵਰਤਾਰੇ ਲਈ ਦੋਸ਼ ਦਾ ਵੱਡਾ ਹਿੱਸਾ ਲੈਣਾ ਚਾਹੀਦਾ ਹੈ। ਉਹ ਅੱਗੇ ਦੱਸਦੇ ਹਨ ਕਿ ਉਦਯੋਗਿਕ ਅਤੇ ਵਾਹਨਾਂ ਦੇ ਪ੍ਰਦੂਸ਼ਣ, ਸੀਐਫਸੀ ਦੀ ਵਰਤੋਂ ਅਤੇ ਜੰਗਲਾਂ ਅਤੇ ਕੁਦਰਤੀ ਸਰੋਤਾਂ ਦੀ ਲੁੱਟ ਦੁਆਰਾ ਬਹੁਤ ਜ਼ਿਆਦਾ ਕਾਰਬਨ ਨਿਕਾਸ ਨੇ ਓਜ਼ੋਨ ਪਰਤ ਨੂੰ ਖਤਮ ਕਰ ਦਿੱਤਾ ਹੈ। ਇਸ ਨਾਲ ਧਰਤੀ ਦੇ ਵਾਯੂਮੰਡਲ ਦੇ ਅੰਦਰ ਵੱਧ ਤੋਂ ਵੱਧ ਸੂਰਜੀ ਕਿਰਨਾਂ ਫਸ ਗਈਆਂ ਹਨ। ਨਤੀਜੇ ਵਜੋਂ, ਧਰਤੀ ਗਰਮ ਹੋ ਰਹੀ ਹੈ ਜਿਸ ਨੇ ਅਜੋਕੇ ਸਮੇਂ ਵਿੱਚ ਹੜ੍ਹਾਂ, ਭੁਚਾਲਾਂ, ਸੁਨਾਮੀ ਅਤੇ ਜ਼ਮੀਨ ਖਿਸਕਣ ਵਰਗੀਆਂ ਕੁਦਰਤੀ ਉਥਲ-ਪੁਥਲ ਦੀ ਇੱਕ ਲੜੀ ਨੂੰ ਚਾਲੂ ਕਰਨਾ ਸ਼ੁਰੂ ਕਰ ਦਿੱਤਾ ਹੈ।

ਅਜਿਹੀ ਘਟਨਾ ਨੂੰ ਰੋਕਣ ਲਈ, ਮਨੁੱਖ ਨੂੰ ਆਪਣੇ ਆਪ 'ਤੇ ਕੰਮ ਕਰਨ ਦੀ ਜ਼ਰੂਰਤ ਹੈ. ਮਨੁੱਖ ਨੂੰ ਕੁਦਰਤ ਵਿੱਚ ਮੁਹਾਰਤ ਹਾਸਲ ਕਰਨ ਦੀ ਲੋੜ ਨਹੀਂ ਹੈ। ਮਨੁੱਖੀ ਆਤਮਾ ਸਭ ਪਦਾਰਥਾਂ ਦੀ ਮਾਲਕ ਹੈ। ਇਹ ਉਦੋਂ ਹੁੰਦਾ ਹੈ ਜਦੋਂ ਆਤਮਾ ਆਪਣੇ ਆਪ ਨੂੰ ਸਰੀਰ ਨਾਲ ਪਛਾਣਨਾ ਸ਼ੁਰੂ ਕਰ ਦਿੰਦੀ ਹੈ ਕਿ ਇਹ ਪਦਾਰਥ ਅਤੇ ਵਿਕਾਰਾਂ ਦੇ ਪ੍ਰਭਾਵ ਵਿੱਚ ਆਉਂਦੀ ਹੈ। ਸੁਨਹਿਰੀ ਅਤੇ ਚਾਂਦੀ ਯੁੱਗ ਵਿੱਚ, ਜਦੋਂ ਸਾਰੀਆਂ ਮਨੁੱਖੀ ਰੂਹਾਂ ਵਿੱਚ ਸਵੈ-ਜਾਗਰੂਕਤਾ ਅਤੇ ਬ੍ਰਹਮ ਗੁਣ ਸਨ, ਕੁਦਰਤ ਉਨ੍ਹਾਂ ਦਾ ਆਗਿਆਕਾਰੀ ਸੇਵਕ ਸੀ। ਕੁਦਰਤ ਦੇ ਤੱਤਾਂ ਨੇ ਉਸ ਯੁੱਗ ਵਿਚ ਜੀਵਨ ਨੂੰ ਸੁਹਾਵਣਾ ਬਣਾ ਦਿੱਤਾ ਸੀ, ਜਿਸ ਨੂੰ ਧਾਰਮਿਕ ਗ੍ਰੰਥਾਂ ਵਿਚ ਸਵਰਗ ਜਾਂ ਸਵਰਗ ਵਜੋਂ ਯਾਦ ਕੀਤਾ ਗਿਆ ਹੈ। ਕਿਉਂਕਿ ਉਸ ਸੰਸਾਰ ਦੇ ਬ੍ਰਹਮ ਜੀਵ ਵਿਕਾਰਾਂ ਤੋਂ ਮੁਕਤ ਸਨ, ਉਹਨਾਂ ਨੇ ਕਦੇ ਵੀ ਕੁਦਰਤ ਦਾ ਸ਼ੋਸ਼ਣ ਜਾਂ ਵਿਗਾੜ ਨਹੀਂ ਕੀਤਾ। ਵਾਤਾਵਰਨ ਪੱਖੀ ਹੋਣ ਦੀ ਬਜਾਏ, ਉਨ੍ਹਾਂ ਕੋਲ ਸੱਚਮੁੱਚ ਦੋਸਤਾਨਾ ਮਾਹੌਲ ਸੀ. ਉਹ ਨਾ ਸਿਰਫ਼ ਆਪਣੇ ਸਾਥੀਆਂ ਦੇ ਦੋਸਤ ਸਨ, ਸਗੋਂ ਹਰ ਮਾਮਲੇ ਵਿੱਚ ਵੀ ਸਨ। ਇਹ ਸਥਿਤੀ ਤਾਂਬੇ ਯੁੱਗ ਦੇ ਆਰੰਭ ਤੱਕ ਜਾਰੀ ਰਹੀ ਜਦੋਂ ਆਤਮਾਵਾਂ ਭੁੱਲ ਗਈਆਂ ਕਿ ਉਹ ਕੌਣ ਹਨ ਅਤੇ ਸਰੀਰ ਅਤੇ ਵਿਕਾਰਾਂ ਦੇ ਪ੍ਰਭਾਵ ਵਿੱਚ ਆਉਣ ਲੱਗ ਪਈਆਂ। ਫਿਰ ਉਨ੍ਹਾਂ ਨੇ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ, ਹੌਲੀ ਹੌਲੀ ਵਾਤਾਵਰਣ ਨੂੰ ਨੁਕਸਾਨ ਪਹੁੰਚ-ਾਇਆ। ਬਦਲੇ ਵਿੱਚ, ਕੁਦਰਤ ਨੇ ਵੀ ਉਹਨਾਂ ਰੂਹਾਂ ਨੂੰ ਮੰਨਣਾ ਬੰਦ ਕਰ ਦਿੱਤਾ ਜੋ ਆਪਣੇ ਉੱਤੇ ਨਿਪੁੰਨਤਾ ਗੁਆ ਚੁੱਕੇ ਸਨ। ਜਿਵੇਂ-ਜਿਵੇਂ ਵਿਕਾਰਾਂ ਦਾ ਪ੍ਰਭਾਵ ਵਧਦਾ ਗਿਆ, ਉਵੇਂ-ਉਵੇਂ ਕੁਦਰਤ ਦੀ ਲੁੱਟ ਵੀ ਵਧਦੀ ਗਈ ਅਤੇ ਜੋ ਕਦੇ ਇਕਸੁਰਤਾ ਵਾਲਾ ਰਿਸ਼ਤਾ ਹੁੰਦਾ ਸੀ, ਉਹ ਸ਼ੋਸ਼ਤਿ ਅਤੇ ਸ਼ੋਸ਼ਤਿ ਵਿਚਕਾਰ ਇੱਕ ਹੋ ਗਿਆ। ਭਾਰਤ ਦੇ ਪ੍ਰਧਾਨ ਮੰਤਰੀ ਨੇ ਸੰਯੁਕਤ ਰਾਸ਼ਟਰ ਵਿੱਚ ਆਪਣੇ ਭਾਸ਼ਣ ਵਿੱਚ ਕਿਹਾ, "ਅਸੀਂ ਲਾਪਰਵਾਹੀ ਨਾਲ ਖਪਤ ਦੇ ਰਾਹ 'ਤੇ ਜਾਣ ਤੋਂ ਬਿਨਾਂ ਵਿਕਾਸ, ਖੁਸ਼ਹਾਲੀ ਅਤੇ ਤੰਦਰੁਸਤੀ ਦੇ ਸਮਾਨ ਪੱਧਰ ਨੂੰ ਪ੍ਰਾਪਤ ਕਰ ਸਕਦੇ ਹਾਂ। ਇਸਦਾ ਮਤਲਬ ਇਹ ਨਹੀਂ ਹੈ ਕਿ ਅਰਥਵਿਵਸਥਾਵਾਂ ਨੂੰ ਨੁਕਸਾਨ ਹੋਵ-ੇਗਾ; ਇਸਦਾ ਮਤਲਬ ਇਹ ਹੋਵੇਗਾ ਕਿ ਸਾਡੀਆਂ ਅਰਥਵਿਵਸਥਾਵਾਂ ਇੱਕ ਵੱਖਰਾ ਕਿਰਦਾਰ ਅਪਣਾ ਲੈਣਗੀਆਂ। ਭਾਰਤ ਵਿੱਚ ਸਾਡੇ ਲਈ, ਕੁਦਰਤ ਦਾ ਸਤਿਕਾਰ ਅਧਿਆਤਮਵਾਦ ਦਾ ਇੱਕ ਅਨਿੱਖੜਵਾਂ ਅੰਗ ਹੈ। ਅਸੀਂ ਕੁਦਰਤ ਦੀਆਂ ਬਖਸ਼ਿਸ਼ਾਂ ਨੂੰ ਪਵਿੱਤਰ ਮੰਨਦੇ ਹਾਂ। ਯੋਗ ਸਾਡੀ ਪ੍ਰਾਚੀਨ ਪਰੰਪਰਾ ਦਾ ਇੱਕ ਅਨਮੋਲ ਤੋਹਫ਼ਾ ਹੈ। ਯੋਗਾ ਮਨ ਅਤੇ ਸਰੀਰ ਦੀ ਏਕਤਾ ਨੂੰ ਦਰਸਾਉਂਦਾ ਹੈ; ਵਿਚਾਰ ਅਤੇ ਕਾਰਵਾਈ; ਸੰਜਮ ਅਤੇ ਪੂਰਤੀ; ਮਨੁੱਖ ਅਤੇ ਕੁਦਰਤ ਵਿਚਕਾਰ ਇਕਸੁਰਤਾ; ਅਤੇ ਸਿਹਤ ਅਤੇ ਤੰਦਰੁਸਤੀ ਲਈ ਇੱਕ ਸੰਪੂਰਨ ਪਹੁੰਚ। ਇਹ ਕਸਰਤ ਬਾਰੇ ਨਹੀਂ ਹੈ ਪਰ ਆਪਣੇ ਆਪ, ਸੰਸਾਰ ਅਤੇ ਕੁਦਰਤ ਨਾਲ ਏਕਤਾ ਦੀ ਭਾਵਨਾ ਨੂੰ ਖੋਜਣ ਲਈ ਹੈ। ਆਪਣੀ ਜੀਵਨਸ਼ੈਲੀ ਨੂੰ ਬਦਲ ਕੇ ਅਤੇ ਚੇਤਨਾ ਪੈਦਾ ਕਰਕੇ, ਇਹ ਸਾਨੂੰ ਜਲਵਾਯੂ ਤਬਦੀਲੀ ਨਾਲ ਨਜਿੱਠਣ ਵਿੱਚ ਮਦਦ ਕਰ ਸਕਦਾ ਹੈ।" ਹੁਣ, ਜੇ ਅਸੀਂ ਕੰਢੇ ਤੋਂ ਵਾਪਸ ਜਾਣਾ ਚਾਹੁੰਦੇ ਹਾਂ ਅਤੇਕੁਦਰਤ ਦੇ ਨਾਲ ਇਕਸੁਰਤਾ ਦੇ ਜੀਵਨ ਵੱਲ ਵਾਪਸ ਆਓ, ਸਾਨੂੰ ਆਪਣੀ ਅਧਿਆਤਮਿਕ ਪਛਾਣ ਅਤੇ ਕਦਰਾਂ-ਕੀਮਤਾਂ ਨੂੰ ਸਮਝਣ ਦੀ ਲੋੜ ਹੈ। ਅਜਿਹੀ ਜਾਗਰੂਕਤਾ ਸਾਨੂੰ ਕੁਦਰਤੀ ਤੌਰ 'ਤੇ ਵਾਤਾਵਰਣ-ਅਨੁਕੂਲ ਬਣਾਵੇਗੀ ਅਤੇ ਇੱਕ ਸਕਾਰਾਤਮਕ ਊਰਜਾ ਭੇਜੇਗੀ ਜੋ ਕੁਦਰਤ ਦੇ ਤੱਤਾਂ ਨੂੰ ਸਾਡੇ ਨਾਲ ਦੁਬਾਰਾ ਇਕਸੁਰਤਾ ਵਿੱਚ ਲਿਆਵੇਗੀ। ਜੇਕਰ ਮਨੁੱਖ ਦਾ ਇੱਕ ਨਾਜ਼ੁਕ ਸਮੂਹ ਇਸ ਅਧਿਆਤਮਿਕ ਚੇਤਨਾ ਨਾਲ ਜਿਉਣਾ ਸ਼ੁਰੂ ਕਰ ਦਿੰਦਾ ਹੈ, ਤਾਂ ਕੁਦਰਤ ਆਪਣੇ ਆਪ ਹੀ ਸਾਡੀ ਮਿੱਤਰ ਬਣ ਜਾਵੇਗੀ ਅਤੇ ਮਨੁੱਖਤਾ ਸੰਦੇਹ ਭਰੇ ਭਵਿੱਖ ਦੀ ਬਜਾਏ ਸੁਨਹਿਰੀ ਨਜ਼ਰ ਆਵੇਗੀ।

The Mortgage Centre
We work for *you*, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

**Rexdale Financial Services**

---

**URGENTLY NEED NEW LISTINGS IN BRAMPTON/CALEDON**



visit: www.teamjagaujla.com

ADVERTISEMENT GUARANTEED TILL SOLD

# JAG AUJLA

MCNE, REAL ESTATE BROKER

## 416-371-7777

e-mail: j.aujla@rogers.com or visit: www.jagaujla.com

MCNE

**CALL JAG AUJLA FOR A QUICK & FREE HOME EVALUATION**

www.BramptonTopRealtor.com

**RECENTLY LISTED IN YOUR NEIGHBOURHOOD**

### Sandalwood & Sunny Meadow Blvd



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

### James Potter/Queen/Bonnie Brae



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

### Caledon Ontario (Dir/Cross St:Mayfield/ Mclaughlin/Tweedhill)



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

### Bramalea/Father Tobin /Fernfor



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

**FREE**
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph: 905-456-3232

JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

---

LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

**Call: 416.524.6704**
**www.hkmovers.ca**

2023 ThreeBest Rated Certificate of Excellence THREE BEST RATED

SAFE, RELIABLE AND EFFICIENT SERVICE AT THE BEST RATES


Asian Food Centre
WE'RE HERE TO SERVE ONLY THE BEST PRODUCTS FOR YOU.
FRESH
FRUITS & VEGETABLES
Healthy & fresh grocery
Variety of Indian Sweets Available
OPEN NOW
340 Woodlawn RD Guelph, N1H 7K6
ETOBICOKE
10 Westmore Dr. 416-740-3262 MEAT SHOP AVAILABLE
MISSISSAUGA
1075 Ceremonial Dr 905-502-1600 MEAT SHOP AVAILABLE
BRAMPTON
621 Wanless Dr. 905-495-3336 MEAT SHOP AVAILABLE
BRAMPTON
2120 N Park Dr. 905-793-1338 MEAT SHOP AVAILABLE
BRAMPTON
80 Pertosa Dr. 905-460-0009
TOLL FREE 1-800-708-9232
BRAMPTON
40 Airport RD & Lacoste Blvd. 905-794-8109 MEAT SHOP AVAILABLE
BRAMPTON
10510 Torbram Rd. 905-790-0030
BRAMPTON
10 Pannahill Dr. 905-913-8017 MEAT SHOP AVAILABLE
GUELPH
340 Woodlawn Rd W 226-669-0004
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media